# ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ, ਚੰਡੀਗੜ੍ਹ

# ਪ੍ਰਾਸਪੈਕਟਸ

## ਦਾਖਲੇ (2025-26)

ਪੰਜਾਬ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਅੰਦਰ PSBTE&IT ਦੁਆਰਾ ਮਾਨਤਾ ਪ੍ਰਾਪਤ ਸੰਸਥਾਵਾਂ ਵਿੱਚ ਹੇਠ ਲਿਖੀਆਂ ਬਰਾਂਚਾ ਵਿੱਚ ਦਾਖਲੇ ਲਈ:

1. ਡਿਪਲੋਮਾ ਪੱਧਰ ਦੇ ਇੰਜੀਨੀਰਿੰਗ/ਤਕਨਾਲੋਜੀ ਕੋਰਸ ਅਤੇ ਆਰਕੀਟੈਕਚਰ ਵਿਚ ਡਿਪਲੋਮਾ ਕੋਰਸ
2. ਮਾਡਰਨ ਆਫਿਸ ਪ੍ਰੈਕਟਿਸ ਵਿਚ ਡਿਪਲੋਮਾ ਕੋਰਸ
3. ਫਾਰਮੇਸੀ ਵਿਚ ਡਿਪਲੋਮਾ ਕੋਰਸ
4. ਡਿਪਲੋਮਾ ਇੰਜੀਨੀਅਰਿੰਗ ਅਤੇ ਤਕਨਾਲੋਜੀ ਕੋਰਸਾਂ ਲਈ ਲੇਟਰਲ ਐਂਟਰੀ
5. ਵਰਕਿੰਗ ਪ੍ਰੋਫੈਸ਼ਨਲ ਲਈ ਡਿਪਲੋਮਾ ਇੰਜੀਨੀਅਰਿੰਗ ਅਤੇ ਤਕਨਾਲੋਜੀ ਕੋਰਸ

ਹੈਲਪਲਾਈਨ ਸੰਪਰਕ ਨੰਬਰ: 8288070800, 8288090800, 8288040800, 8288020800

ਈਮੇਲ: psbtehelpdesk@gmail.com

ਵੈੱਬਸਾਈਟਾਂ: www.punjabteched.com ਅਤੇ www.punjabteched.net

ਪਤਾ: ਪਲਾਟ ਨੰਬਰ 1-ਏ, ਸੈਕਟਰ 36-ਏ, ਚੰਡੀਗੜ੍ਹ 160036

## ਵਿਸ਼ਾ - ਸੂਚੀ


| ਲੜੀ ਨੰ. | ਵੇਰਵੇ | ਪੰਨਾ ਨੰ. |
|---|---|---|
| | ਮਹੱਤਵਪੂਰਨ ਹਦਾਇਤਾਂ | 02 |
| 1 | ਭੂਮਿਕਾ | 03 |
| 2 | ਡਿਪਲੋਮਾ ਪੱਧਰ ਦੇ ਕੋਰਸਾਂ ਦੀ ਸੂਚੀ | 03-04 |
| 3 | ਦਾਖਲੇ ਲਈ ਯੋਗਤਾ | 04-07 |
| | 3.1 ਡਿਪਲੋਮਾ ਪੱਧਰ ਦੇ ਇੰਜੀਨੀਅਰਿੰਗ / ਤਕਨਾਲੌਜੀ ਕੋਰਸ ਅਤੇ ਆਰਕੀਟੈਕਚਰ ਵਿੱਚ ਡਿਪਲੋਮਾ ਕੋਰਸ<br>3.2 ਮਾਡਰਨ ਆਫਿਸ ਪ੍ਰੈਕਟਿਸ ਵਿੱਚ ਡਿਪਲੋਮਾ ਕੋਰਸ<br>3.3 ਫਾਰਮੇਸੀ ਵਿੱਚ ਡਿਪਲੋਮਾ ਕੋਰਸ<br>3.4 ਡਿਪਲੋਮਾ ਇੰਜੀਨੀਅਰਿੰਗ ਅਤੇ ਤਕਨਾਲੌਜੀ ਕੋਰਸਾਂ ਲਈ ਲੇਟਰਲ ਐਂਟਰੀ<br>3.5 ਵਰਕਿੰਗ ਪ੍ਰੋਫੈਸ਼ਨਲ ਲਈ ਡਿਪਲੋਮਾ ਇੰਜੀਨੀਅਰਿੰਗ ਅਤੇ ਤਕਨਾਲੌਜੀ ਕੋਰਸ। | |
| 4. | ਆਨਲਾਈਨ ਕਾਉਂਸਲਿੰਗ | 08 |
| 5. | ਆਨਲਾਈਨ ਕਾਉਂਸਲਿੰਗ ਲਈ ਪ੍ਰਕਿਰਿਆ | 08-10 |
| 6. | ਸੀਟਾਂ ਦੀ ਵੰਡ | 10 |
| 7. | ਰਿਜ਼ਰਵੇਸ਼ਨ/ਰਾਖਵਾਂਕਰਨ | 10-11 |
| 8. | ਦਾਖਲਾ ਫੀਸ | 11 |
| 9. | ਫੀਸਾਂ ਦੀ ਵਾਪਸੀ | 11 |
| 10. | ਡਿਪਲੋਮਾ ਕੋਰਸ ਪੂਰਾ ਕਰਨ ਲਈ ਸਮਾਂ ਸੀਮਾ | 12 |
| 11. | ਫੀਸ ਰਿਆਇਤ / ਸਕਾਲਰਸ਼ਿਪ ਸਕੀਮਾਂ | 12-13 |
| 12. | ਹੋਰ ਮਹੱਤਵਪੂਰਨ ਨੋਟ | 13-14 |
| 13. | ਸੈਸ਼ਨ 2025-26 ਲਈ ਫੀਸਾਂ ਦੀ ਢਾਂਚਾ | 14-15 |
| 14. | ਫਾਰਮ ਅਤੇ ਸਰਟੀਫਿਕੇਟ | 16-23 |
| 15. | ਫਲੋ ਚਾਰਟ - ਆਨਲਾਈਨ ਕਾਉਂਸਲਿੰਗ | 24-25 |

## ਮਹੱਤਵਪੂਰਨ ਹਦਾਇਤਾਂ

1. ਉਮੀਦਵਾਰ ਨੂੰ ਪ੍ਰਾਸਪੈਕਟਸ ਧਿਆਨ ਨਾਲ ਪੜ੍ਹਨ ਦੀ ਸਲਾਹ ਦਿੱਤੀ ਜਾਂਦੀ ਹੈ।
2. ਇਸ ਪ੍ਰਾਸਪੈਕਟਸ ਵਿੱਚ ਬਿਨ੍ਹਾਂ ਕਿਸੇ ਪੂਰਵ ਸੂਚਨਾ ਦੇ ਬਦਲਾਵ ਅਤੇ ਸੋਧ ਕੀਤੀ ਜਾ ਸਕਦੀ ਹੈ ।
3. ਇਹ ਪ੍ਰਾਸਪੈਕਟਸ ਸਿਰਫ ਜਾਣਕਾਰੀ ਲਈ ਹੈ ਅਤੇ ਕਾਨੂੰਨੀ ਦਸਤਾਵੇਜ਼ ਨਹੀਂ ਹੈ ।
4. ਜਿਹੜੇ ਉਮੀਦਵਾਰ ਨਿਰਧਾਰਤ ਯੋਗਤਾ ਰੱਖਦੇ ਹਨ ਅਤੇ ਡਿਪਲੋਮਾ ਪੱਧਰ ਦੇ ਕੋਰਸਾਂ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ, ਉਨ੍ਹਾਂ ਨੂੰ ਬੋਰਡ ਦੀਆਂ ਵੈੱਬਸਾਈਟਾਂ “www.punjabteched.com” ਅਤੇ “www.punjabteched.net” ਉੱਤੇ ਦਿੱਤੇ ਲਿੰਕ ਰਾਹੀਂ ਕਾਉਂਸਲਿੰਗ ਸ਼ਡਿਊਲ ਅਨੁਸਾਰ ਰਜਿਸਟਰ ਕਰਨਾ ਲਾਜਮੀ ਹੋਵੇਗਾ।
5. ਆਨਲਾਈਨ ਕਾਉਂਸਲਿੰਗ ਦਾ ਸ਼ਡਿਊਲ ਅਖ਼ਬਾਰਾਂ ਰਾਹੀਂ ਅਤੇ ਬੋਰਡ ਦੀਆਂ ਅਧਿਕਾਰਤ ਵੈੱਬਸਾਈਟਾਂ “www.punjabteched.com” ਅਤੇ “www.punjabteched.net” ਉੱਤੇ ਵੀ ਸੂਚਿਤ ਕੀਤਾ ਜਾਵੇਗਾ। ਉਮੀਦਵਾਰਾਂ ਨੂੰ ਕੋਈ ਵੱਖਰਾ ਸੂਚਨਾ ਪੱਤਰ ਨਹੀਂ ਭੇਜਿਆ ਜਾਵੇਗਾ।
6. ਦਾਖਲਿਆਂ ਦੇ ਸ਼ਡਿਊਲ ਵਿੱਚ ਕਿਸੇ ਵੀ ਤਬਦੀਲੀ ਦੀ ਸੂਚਨਾ ਪ੍ਰੈਸ ਰਾਹੀਂ ਅਤੇ ਬੋਰਡ ਦੀਆਂ ਵੈੱਬਸਾਈਟਾਂ ‘ਤੇ ਨੋਟੀਫਾਈ ਕੀਤੀ ਜਾਵੇਗੀ।
7. ਦਾਖਲਾ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਨਿਰਧਾਰਿਤ ਯੋਗਤਾ ਦੀ ਇੰਟਰ-ਸੇ ਮੈਰਿਟ ਦੇ ਆਧਾਰ 'ਤੇ ਕੀਤਾ ਜਾਵੇਗਾ ।
8. ਪੰਜਾਬ ਵਿੱਚ ਮਾਨਤਾ ਪ੍ਰਾਪਤ/ਐਫੀਲੀਏਟਿਡ ਸੰਸਥਾਵਾਂ ਵਿੱਚ ਸੀਟਾਂ ਦਾ ਰਾਖਵਾਂਕਰਨ ਪੰਜਾਬ ਸਰਕਾਰ ਦੀ ਨੀਤੀ ਅਨੁਸਾਰ ਹੋਵੇਗਾ, ਅਤੇ ਚੰਡੀਗੜ੍ਹ ਵਿਖੇ ਸਥਿਤ ਸੰਸਥਾਵਾਂ ਲਈ ਰਾਖਵਾਂਕਰਨ ਚੰਡੀਗੜ੍ਹ/ਯੂ.ਟੀ. (UT) ਪ੍ਰਸ਼ਾਸਨ ਦੀ ਨੀਤੀ ਅਨੁਸਾਰ ਹੋਵੇਗਾ।
9. ਕਿਸੇ ਵੀ ਸ਼੍ਰੇਣੀ ਅਧੀਨ ਰਾਖਵਾਂਕਰਨ ਦਾ ਲਾਭ ਲੈਣ ਦੇ ਚਾਹਵਾਨ ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਖਰੀ ਮਿਤੀ ਤੋਂ ਪਹਿਲਾਂ ਲੋੜੀਂਦੇ ਸਰਟੀਫਿਕੇਟ ਪ੍ਰਾਪਤ ਕਰ ਲੈਣ, ਨਹੀਂ ਤਾਂ ਉਨ੍ਹਾਂ ਦੇ ਸਰਟੀਫਿਕੇਟ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਰਾਖਵੇਂਕਰਨ ਲਈ ਉਨ੍ਹਾਂ ਦੇ ਦਾਅਵੇ ਨੂੰ ਰੱਦ ਕਰ ਦਿੱਤਾ ਜਾਵੇਗਾ । ਇਸ ਸਬੰਧ ਵਿੱਚ, ਕਿਸੇ ਵੀ ਹਾਲਾਤ ਵਿੱਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ ।
10. ਦਾਖਲਿਆਂ ਅਤੇ ਸੀਟਾਂ ਦੇ ਰਾਖਵੇਂਕਰਨ ਸੰਬੰਧੀ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਜਾਰੀ ਕੀਤੀਆਂ ਗਈਆਂ ਨਵੀਨਤਮ ਨੋਟੀਫਿਕੇਸ਼ਨ/ਸੋਧਾਂ ਵਾਚੀਆਂ ਜਾ ਸਕਦੀਆਂ ਹਨ।
11. ਇਹ ਪ੍ਰਾਸਪੈਕਟਸ ਪੰਜਾਬ ਰਾਜ ਅਤੇ ਯੂ.ਟੀ. ਚੰਡੀਗੜ੍ਹ ਵਿੱਚ ਸਥਿਤ ਬੋਰਡ ਨਾਲ ਮਾਨਤਾ ਪ੍ਰਾਪਤ/ਐਫੀਲੀਏਟਿਡ ਸੰਸਥਾਵਾਂ ਵਿੱਚ ਦਾਖਲੇ ਲਈ ਸਾਂਝਾ ਦਸਤਾਵੇਜ਼ ਹੈ ।

**12.** ਪੰਜਾਬ ਤੋਂ ਇਲਾਵਾ ਹੋਰ ਰਾਜਾਂ ਵਿੱਚ ਸਥਿਤ ਸਕੂਲਾਂ ਤੋਂ ਮੈਟ੍ਰਿਕ ਦੀ ਪ੍ਰੀਖਿਆ ਪਾਸ ਕਰਨ ਵਾਲੇ ਉਮੀਦਵਾਰ ਪੰਜਾਬ ਰਾਜ ਵਿੱਚ ਸਥਿਤ ਸੰਸਥਾਵਾਂ ਵਿੱਚ 15% ਕੋਟੇ ਦੇ ਤਹਿਤ ਦਾਖਲੇ ਲਈ ਯੋਗ ਹਨ, ਬਸ਼ਰਤੇ ਕਿ ਉਮੀਦਵਾਰ ਸਰਕਾਰ ਦੁਆਰਾ ਨਿਰਧਾਰਤ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਦਾ ਹੋਵੇ।

**13.** ਇਸੇ ਤਰ੍ਹਾਂ, ਪੰਜਾਬ ਅਤੇ ਹੋਰ ਰਾਜਾਂ ਤੋਂ ਮੈਟ੍ਰਿਕ ਦੀ ਪ੍ਰੀਖਿਆ ਪਾਸ ਕਰਨ ਵਾਲੇ ਉਮੀਦਵਾਰ 15% ਕੋਟੇ ਅਧੀਨ ਚੰਡੀਗੜ੍ਹ ਵਿੱਚ ਸਥਿਤ ਸੰਸਥਾਵਾਂ ਵਿੱਚ ਦਾਖਲਾ ਲੈ ਸਕਦੇ ਹਨ, ਜੋ ਕਿ ਯੂ.ਟੀ. (UT) ਪ੍ਰਸ਼ਾਸਨ ਦੁਆਰਾ ਨਿਰਧਾਰਤ ਯੋਗਤਾ ਮਾਪਦੰਡਾਂ ਦੀ ਪੂਰਤੀ ਦੇ ਅਧੀਨ ਹੈ।

**14.** ਉਮੀਦਵਾਰ ਰਜਿਸਟ੍ਰੇਸ਼ਨ ਫਾਰਮ ਵਿੱਚ ਸਹੀ ਜਾਣਕਾਰੀ ਦੇਣਾ ਯਕੀਨੀ ਬਨਾਉਣ ਅਤੇ ਬਾਅਦ ਦੇ ਪੜਾਅ 'ਤੇ ਕੋਈ ਵੀ ਜਾਣਕਾਰੀ ਗਲਤ ਪਾਈ ਜਾਣ ਤੇ ਵਿਦਿਆਰਥੀ ਨੂੰ ਸੰਸਥਾ ਤੋਂ ਕੱਢੇ ਜਾਣ ਲਈ ਉਹ ਆਪ ਜ਼ਿੰਮੇਵਾਰ ਹੋਵੇਗਾ ।

## 1. ਭੂਮਿਕਾ

ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਵੱਲੋਂ ਬੋਰਡ ਨਾਲ ਮਾਨਤਾ ਪ੍ਰਾਪਤ / ਐਫੀਲੀਏਟਿਡ ਸੰਸਥਾਵਾਂ ਵਿੱਚ ਹੇਠ ਦਰਸਾਏ ਕੋਰਸਾਂ ਵਿੱਚ ਆਲ ਇੰਡੀਆ ਕੌਂਸਲ ਆਫ਼ ਟੈਕਨੀਕਲ ਐਜੂਕੇਸ਼ਨ (AICTE), ਕੌਂਸਲ ਆਫ਼ ਆਰਕੀਟੈਕਚਰ (CoA) ਅਤੇ ਫਾਰਮੇਸੀ ਕੌਂਸਲ ਆਫ਼ ਇੰਡੀਆ (PCI) (ਜਿਵੇਂ ਲਾਗੂ ਹੋਵੇ) ਵੱਲੋ ਪ੍ਰਵਾਨਿਤ ਸੰਸਥਾਵਾਂ ਵਿੱਚ ਦਾਖਲੇ ਲਈ ਆਨਲਾਈਨ ਕਾਊਂਸਲਿੰਗ ਕੀਤੀ ਜਾਵੇਗੀ।

ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਨਲਾਈਨ ਕਾਊਂਸਲਿੰਗ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਪੂਰੇ ਪ੍ਰਾਸਪੈਕਟਸ ਨੂੰ ਧਿਆਨ ਨਾਲ ਪੜ੍ਹਨ।

1. **ਡਿਪਲੋਮਾ ਪੱਧਰ ਦੇ ਇੰਜੀਨੀਰਿੰਗ/ਤਕਨਾਲੋਜੀ ਕੋਰਸ ਅਤੇ ਆਰਕੀਟੈਕਚਰ ਵਿਚ ਡਿਪਲੋਮਾ ਕੋਰਸ**
2. **ਮਾਡਰਨ ਆਫਿਸ ਪ੍ਰੈਕਟਿਸ ਵਿਚ ਡਿਪਲੋਮਾ ਕੋਰਸ**
3. **ਫਾਰਮੇਸੀ ਵਿਚ ਡਿਪਲੋਮਾ ਕੋਰਸ**
4. **ਡਿਪਲੋਮਾ ਇੰਜੀਨੀਅਰਿੰਗ ਅਤੇ ਤਕਨਾਲੋਜੀ ਕੋਰਸਾਂ ਲਈ ਲੇਟਰਲ ਐਂਟਰੀ**
5. **ਵਰਕਿੰਗ ਪ੍ਰੋਫੈਸ਼ਨਲ ਲਈ ਡਿਪਲੋਮਾ ਇੰਜੀਨੀਅਰਿੰਗ ਅਤੇ ਤਕਨਾਲੋਜੀ ਕੋਰਸ**

## 2. ਡਿਪਲੋਮਾ ਪੱਧਰ ਦੇ ਕੋਰਸਾਂ ਦੀ ਸੂਚੀ ਅਤੇ ਮਿਆਦ (ਸੈਸ਼ਨ 2025-26)

| | |
|---|---|
| (ੳ) ਤਿੰਨ ਸਾਲਾ ਡਿਪਲੋਮਾ ਕੋਰਸ (ਛੇ ਸਮੈਸਟਰ): | |
| 1. | ਆਰਕੀਟੈਕਚਰਲ ਅਸਿਸਟੈਂਟਸ਼ਿਪ |
| 2. | ਆਟੋਮੋਬਾਈਲ ਇੰਜੀਨੀਅਰਿੰਗ |
| 3. | ਕੈਮੀਕਲ ਇੰਜੀਨੀਅਰਿੰਗ |
| 4. | ਸਿਵਲ ਇੰਜੀਨੀਅਰਿੰਗ |
| 5. | ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ |
| 6. | ਇਲੈਕਟ੍ਰੀਕਲ ਇੰਜੀਨੀਅਰਿੰਗ |
| 7. | ਇਲੈਕਟ੍ਰਾਨਿਕਸ ਅਤੇ ਕੰਮਨੀਕੇਸ਼ਨ ਇੰਜੀਨੀਅਰਿੰਗ |
| 8. | ਇਲੈਕਟ੍ਰਾਨਿਕਸ ਅਤੇ ਕੰਮਨੀਕੇਸ਼ਨ ਇੰਜੀਨੀਅਰਿੰਗ (ਇੰਡਸਟਰੀ ਇੰਟੀਗ੍ਰੇਟਿਡ) |
| 9. | ਫੈਸ਼ਨ ਡਿਜ਼ਾਈਨਿੰਗ |
| (ੳ) ਤਿੰਨ ਸਾਲਾ ਡਿਪਲੋਮਾ ਕੋਰਸ (ਛੇ ਸਮੈਸਟਰ): | |
| 10. | ਗ੍ਰਾਮੈਂਟ ਤਕਨਾਲੋਜੀ / ਗ੍ਰਾਮੈਂਟ ਮੈਨੁਫੈਕਚਰਿੰਗ ਤਕਨਾਲੋਜੀ |

| | |
|---|---|
| 11. | ਇੰਨਫੋਰਮੇਸ਼ਨ ਤਕਨਾਲੋਜੀ |
| 12. | ਇੰਟਿਰੀਅਰ ਡੈਕੋਰੇਸ਼ਨ / ਇੰਟਿਰੀਅਰ ਡਿਜਾਇਨ ਅਤੇ ਡੈਕੋਰੇਸ਼ਨ |
| 13. | ਨਿਟਿੰਗ ਤਕਨਾਲੋਜੀ / ਟੈਕਸਟਾਈਲ ਤਕਨਾਲੋਜੀ (ਨਿਟਿੰਗ) |
| 14. | ਲੈਦਰ ਤਕਨਾਲੋਜੀ |
| 15. | ਲੈਦਰ ਤਕਨਾਲੋਜੀ (ਫੁੱਟਵੀਅਰ) |
| 16. | ਲਾਇਬ੍ਰੇਰੀ ਅਤੇ ਇੰਫੋਰਮੇਸ਼ਨ ਸਾਇੰਸ |
| 17. | ਮਕੈਨੀਕਲ ਇੰਜੀਨੀਅਰਿੰਗ |
| 18. | ਮੈਕਾਟ੍ਰੋਨਿਕਸ ਇੰਜੀਨੀਅਰਿੰਗ |
| 19. | ਮਕੈਨੀਕਲ ਇੰਜੀਨੀਅਰਿੰਗ (ਆਰ.ਏ.ਸੀ) |
| 20. | ਮੈਡੀਕਲ ਲੈਬ ਤਕਨਾਲੋਜੀ |
| 21. | ਪਲਾਸਟਿਕ ਤਕਨਾਲੋਜੀ / ਕੈਮੀਕਲ ਇੰਜੀਨੀਅਰਿੰਗ (ਪਲਾਸਟਿਕ ਅਤੇ ਪੋਲੀਮਰ) |
| 22. | ਪ੍ਰੋਡਕਸ਼ਨ ਅਤੇ ਇੰਡਸਟਰੀਅਲ ਇੰਜੀਨੀਅਰਿੰਗ / ਮਕੈਨੀਕਲ ਇੰਜੀਨੀਅਰਿੰਗ (ਪ੍ਰੋਡਕਸ਼ਨ) |
| 23. | ਟੈਕਸਟਾਈਲ ਡਿਜ਼ਾਈਨ |
| 24. | ਟੈਕਸਟਾਈਲ ਪ੍ਰੋਸੈਸਿੰਗ |
| 25. | ਟੈਕਸਟਾਈਲ ਤਕਨਾਲੋਜੀ |
| 26. | ਮਾਡਰਨ ਆਫਿਸ ਪ੍ਰੈਕਟਿਸ (ਆਖਰੀ ਸਮੈਸਟਰ ਟ੍ਰੇਨਿੰਗ/ਇੰਟਰਨਸ਼ਿਪ ਹੈ) |
| ਅ) ਚਾਰ ਸਾਲਾ ਡਿਪਲੋਮਾ ਕੋਰਸ (08 ਸਮੈਸਟਰ): | |
| 1. | ਮਕੈਨੀਕਲ ਇੰਜੀਨੀਅਰਿੰਗ (ਟੂਲ ਅਤੇ ਡਾਈ) |
| ੲ) ਦੋ ਸਾਲਾ ਡਿਪਲੋਮਾ ਕੋਰਸ (ਸਾਲਾਨਾ ਪ੍ਰਣਾਲੀ) | |
| 1. | ਫਾਰਮੇਸੀ |
| ਸ) ਕੰਮ ਕਰਨ ਵਾਲੇ ਪੇਸ਼ੇਵਰਾਂ (ਵਰਕਿੰਗ ਪ੍ਰੋਫੈਸ਼ਨਲ) ਲਈ ਇੰਜੀਨੀਅਰਿੰਗ ਕੋਰਸਾਂ ਵਿੱਚ ਡਿਪਲੋਮਾ (ਡਿਪਲੋਮਾ ਇੰਜੀਨੀਅਰਿੰਗ ਅਤੇ ਤਕਨਾਲੋਜੀ ਕੋਰਸਾਂ ਵਿੱਚ ਲੇਟਰਲ ਐਂਟਰੀ ਦੇ ਬਰਾਬਰ ਮਿਆਦ) | |

ਕੋਰਸਾਂ ਦੀ ਸੂਚੀ ਆਨਲਾਈਨ ਕਾਉਂਸਲਿੰਗ ਪੋਰਟਲ 'ਤੇ ਸੂਚਿਤ ਕੀਤੀ ਜਾਵੇਗੀ।

## 3. ਯੋਗਤਾ

ਮੁਢਲੀਆਂ ਵਿਦਿਅਕ ਯੋਗਤਾਵਾਂ ਤੋਂ ਇਲਾਵਾ, ਆਮ ਯੋਗਤਾਵਾਂ ਦੇ ਮਾਪਦੰਡ ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਚੰਡੀਗੜ੍ਹ (ਤਕਨੀਕੀ ਸਿੱਖਿਆ ਸ਼ਾਖਾ-II) ਦੁਆਰਾ ਜਾਰੀ ਨੋਟੀਫਿਕੇਸ਼ਨ ਅਨੁਸਾਰ ਲਾਗੂ ਹੋਣਗੇ। ਨੋਟੀਫਿਕੇਸ਼ਨ ਨੰਬਰ TECH-TE-2013/ 1/2025-3TE2/ I / 1055292 / 2025 ਮਿਤੀ 17-03-2025 ਬੋਰਡ ਦੀਆਂ ਵੈੱਬਸਾਈਟਾਂ (www.punjabteched.com ਅਤੇ www.punjabteched.net) 'ਤੇ ਉਪਲਬਧ ਹੈ।

ੳ) ਵੱਖ-ਵੱਖ ਡਿਪਲੋਮਾ ਪੱਧਰ ਦੇ ਕੋਰਸਾਂ ਵਿੱਚ ਦਾਖਲਾ ਵੈੱਬ-ਅਧਾਰਤ ਆਨਲਾਈਨ ਕਾਉਂਸਲਿੰਗ ਰਾਹੀਂ ਕੀਤਾ ਜਾਵੇਗਾ।

ਅ) ਡਿਪਲੋਮਾ ਪੱਧਰ ਦੇ ਇੰਜੀਨੀਅਰਿੰਗ ਕੋਰਸਾਂ ਵਿੱਚ ਦਾਖਲਾ ਉੱਪਰੋਕਤ ਦੱਸੀ ਗਈ ਯੋਗਤਾ ਪ੍ਰੀਖਿਆ ਦੇ ਅਨੁਸਾਰੀ ਯੋਗਤਾ ਦੇ ਆਧਾਰ 'ਤੇ ਕੀਤਾ ਜਾਵੇਗਾ।

### 3.1 ਡਿਪਲੋਮਾ ਪੱਧਰ ਦੇ ਇੰਜੀਨੀਅਰਿੰਗ/ਤਕਨਾਲੋਜੀ ਕੋਰਸਾਂ ਅਤੇ ਆਰਕੀਟੈਕਚਰਲ ਅਸਿਸਟੈਂਟਸ਼ਿਪ ਵਿੱਚ ਡਿਪਲੋਮਾ ਕੋਰਸਾਂ ਵਿੱਚ ਦਾਖਲੇ ਲਈ ਯੋਗਤਾ:-

ੳ) ਵਿਦਿਆਰਥੀ ਦੁਆਰਾ 10ਵੀਂ ਜਮਾਤ/ਐਸਐਸਸੀ ਪ੍ਰੀਖਿਆ ਪਾਸ ਕੀਤੀ ਹੋਣੀ ਚਾਹੀਦੀ ਹੈ ਜੋ ਕਿ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ, ਨਵੀਂ ਦਿੱਲੀ (AICTE, New Delhi) ਵੱਲੋ ਜਾਰੀ ਪ੍ਰਵਾਨਗੀ ਪ੍ਰਕਿਰਿਆ ਹੈਂਡਬੁੱਕ (Approval Process Handbook) 2024-25 ਤੋਂ 2026-27 ਵਿੱਚ ਜਾਰੀ ਨਿਰਦੇਸ਼ ਅਤੇ ਕੌਂਸਲ ਆਫ ਆਰਕੀਟੈਕਚਰਲ ਅਸਿਸਟੈਂਟਸ਼ਿਪ (COA) ਵੱਲੋਂ ਆਰਕੀਟੈਕਚਰਲ ਅਸਿਸਟੈਂਟਸ਼ਿਪ ਲਈ ਜਾਰੀ ਨਿਰਦੇਸ਼ਾ ਵਿੱਚ ਦਰਸਾਈਆ ਗਿਆ ਹੈ।

### 3.2 ਡਿਪਲੋਮਾ ਇਨ ਮਾਡਰਨ ਆਫਿਸ ਪ੍ਰੈਕਟਿਸ ਵਿੱਚ ਦਾਖਲੇ ਲਈ ਯੋਗਤਾ:-

ੳ) ਉਹ ਸਾਰੇ ਉਮੀਦਵਾਰ ਜਿਨ੍ਹਾਂ ਨੇ ਕੇਂਦਰ/ਰਾਜ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਜਾਂ ਸਥਾਪਿਤ ਬੋਰਡ ਤੋਂ 10+2 ਦੀ ਪ੍ਰੀਖਿਆ ਪਾਸ ਕੀਤੀ ਹੈ, ਉਹ ਮਾਡਰਨ ਆਫਿਸ ਪ੍ਰੈਕਟਿਸ ਵਿੱਚ ਤਿੰਨ ਸਾਲਾਂ ਦੇ ਡਿਪਲੋਮਾ ਲਈ ਅਰਜ਼ੀ ਦੇਣ ਦੇ ਯੋਗ ਹੋਣਗੇ।

### 3.3 ਡਿਪਲੋਮਾ ਇਨ ਫਾਰਮੇਸੀ ਦੇ ਦੋ ਸਾਲਾ ਕੋਰਸ ਵਿੱਚ ਦਾਖਲੇ ਲਈ ਯੋਗਤਾ:-

ਡਿਪਲੋਮਾ ਇਨ ਫਾਰਮੇਸੀ ਦੇ ਦੋ ਸਾਲਾ ਕੋਰਸ ਵਿੱਚ ਦਾਖਲੇ ਲਈ ਘੱਟੋ-ਘੱਟ ਯੋਗਤਾ 10+2 ਪ੍ਰੀਖਿਆ (ਸਾਇੰਸ ਅਕਾਦਮਿਕ ਸਟ੍ਰੀਮ) ਭੌਤਿਕ ਵਿਗਿਆਨ, ਕੈਮਿਸਟਰੀ ਅਤੇ ਜੀਵ ਵਿਗਿਆਨ ਜਾਂ ਗਣਿਤ ਦੇ ਨਾਲ ਪਾਸ ਕੀਤੀ ਹੋਣੀ ਜਰੂਰੀ ਹੈ।

**ਜਾਂ**

ਉਪਰੋਕਤ ਪ੍ਰੀਖਿਆ ਦੇ ਬਰਾਬਰ ਫਾਰਮੇਸੀ ਕੌਂਸਲ ਆਫ਼ ਇੰਡੀਆ ਦੁਆਰਾ ਪ੍ਰਵਾਨਿਤ ਕੋਈ ਹੋਰ ਯੋਗਤਾ ।

**3.4 ਡਿਪਲੋਮਾ ਇੰਜੀਨੀਅਰਿੰਗ ਅਤੇ ਤਕਨਾਲੋਜੀ ਵਿੱਚ ਲੇਟਰਲ ਐਂਟਰੀ ਰਾਹੀ ਦਾਖਲੇ ਲਈ ਯੋਗਤਾ:-**

ੳ) ਉਹ ਉਮੀਦਵਾਰ ਜਿਹਨਾਂ ਨੇ ਭੌਤਿਕ ਵਿਗਿਆਨ/ਗਣਿਤ/ਕੈਮਿਸਟਰੀ/ਕੰਪਿਊਟਰ ਵਿਗਿਆਨ/ ਇਲੈਕਟ੍ਰੋਨਿਕ/ਸੂਚਨਾ ਤਕਨਾਲੋਜੀ/ਜੀਵ ਵਿਗਿਆਨ/ਇਨਫਾਰਮੈਟਿੱਕਸ ਪ੍ਰੈਕਟਿਸ/ ਬਾਇਓਤਕਨਾਲੋਜੀ / ਤਕਨੀਕੀ ਵੋਕੇਸ਼ਨਲ ਵਿਸ਼ਾ/ਖੇਤੀਬਾੜੀ/ਇੰਜੀਨੀਅਰਿੰਗ ਗ੍ਰਾਫਿਕਸ ਵਪਾਰ ਅਧਿਐਨ/ਉਦਮਤਾ (ਅਪਰੂਵਲ ਪ੍ਰਕਿਰਿਆ ਹੈਂਡਬੁੱਕ (Approval Process Handbook) 2024-25 ਤੋਂ 2026-27 ਦੀ ਸਾਰਣੀ 8.4 ਦੇ ਅਨੁਸਾਰ) ਨਾਲ 10+2 ਵੀ ਪਾਸ ਕੀਤੀ ਹੋਵੇ ਜਾਂ ਦਸਵੀਂ ਦੇ ਨਾਲ ਦੋ ਸਾਲਾਂ ਦੀ ਆਈ.ਟੀ.ਆਈ ਕੀਤੀ ਹੋਵੇ। ਅਜਿਹਾ ਉਮੀਦਵਾਰ ਇੰਜੀਨੀਅਰਿੰਗ ਅਤੇ ਤਕਨਾਲੋਜੀ ਦੀ ਕਿਸੇ ਵੀ ਸ਼ਾਖਾ ਵਿੱਚ ਦੂਜੇ ਸਾਲ ਦੇ ਡਿਪਲੋਮਾ ਕੋਰਸਾਂ ਵਿੱਚ ਦਾਖਲੇ ਲਈ ਯੋਗ ਹੋਵੇਗਾ ।

ਜੇਕਰ ਉਪਰ ਦੱਸੇ ਗਏ ਯੋਗਤਾ ਮਾਪਦੰਡਾਂ ਦੇ ਆਧਾਰ ਤੇ ਭਰਨ ਤੋਂ ਬਾਅਦ ਸੀਟਾਂ ਖਾਲੀ ਰਹਿੰਦੀਆਂ ਹਨ, ਤਾਂ ਅਜਿਹੀਆਂ ਸੀਟਾਂ ਹੇਠ ਲਿਖਿਆ ਵਿੱਚੋਂ ਕਿਸੇ ਇੱਕ ਦੀ ਇੰਟਰ-ਸੇ-ਮੈਰਿਟ ਦੇ ਆਧਾਰ ਤੇ ਭਰੀਆਂ ਜਾਣਗੀਆਂ :-

ਅ) ਕੇਂਦਰ/ਰਾਜ ਸਰਕਾਰ ਦੁਆਰਾ ਕਾਨੂੰਨ/ ਲੈਜਿਸਲੇਸ਼ਨ ਰਾਹੀਂ ਮਾਨਤਾ ਪ੍ਰਾਪਤ ਅਤੇ ਸਥਾਪਿਤ ਬੋਰਡ ਤੋਂ ਸਬੰਧਤ ਵੱਖ-ਵੱਖ ਸ਼ਾਖਾਵਾਂ ਵਿੱਚ 10+2 ਵੋਕੇਸ਼ਨਲ ਸਬੰਧਤ (ਰੈਲਿਵੈਂਟ) ਵਿਸ਼ੇ ਨਾਲ ਪਾਸ ਕੀਤੀ ਹੋਵੇ ।

ੲ) ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਅਤੇ ਤਕਨਾਲੋਜੀ, ਲੌਂਗੋਵਾਲ ਤੋਂ 10ਵੀਂ ਤੋਂ ਬਾਅਦ ਦੋ ਸਾਲਾਂ ਦਾ ਸਰਟੀਫਿਕੇਟ ਕੋਰਸ ਕੀਤਾ ਹੋਵੇ ।

ਸ) 10ਵੀਂ ਤੋ ਬਾਅਦ ਆਰ ਅਤੇ ਡੀ ਸੈਂਟਰ ਫਾਰ ਬਾਈ ਸਾਈਕਲ ਅਤੇ ਸਿਲਾਈ ਮਸ਼ੀਨ (R&D Centre for Bicycle & Sewing Technology) ਲੁਧਿਆਣਾ ਤੋਂ ਸਕਿੱਲ ਟੈਕਨੀਸ਼ੀਅਨ (ਮਸ਼ੀਨਿਸਟ), ਸਕਿੱਲ ਟੈਕਨੀਸ਼ੀਅਨ (ਮਸ਼ੀਨ ਮੈਂਟੀਨੈਂਸ) ਜਾਂ ਕੁਆਲਟੀ ਅਸ਼ੋਰੈਂਸ ਇੰਸਪੈਕਟਰ ਵਿੱਚ ਦੋ ਸਾਲਾਂ ਦਾ ਸਰਟੀਫਿਕੇਟ ਕੋਰਸ ਕੀਤਾ ਹੋਵੇ।

ਹ) ਕਿਸੇ ਵੀ ਮਾਨਤਾ ਪ੍ਰਾਪਤ ਬੋਰਡ ਤੋਂ ਕਿਸੇ ਹੋਰ ਸ਼ਾਖਾ ਦਾ 3 ਸਾਲਾ ਦਾ ਏ.ਆਈ.ਸੀ.ਟੀ.ਈ ਦੁਆਰਾ ਪ੍ਰਵਾਨਿਤ ਇੰਜੀਨੀਅਰਿੰਗ ਡਿਪਲੋਮਾ (ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ Tech-TE-2013/5/2021-4TE 2/1061 ਮਿਤੀ 28-10-2021 ਦੇ ਅਨੁਸਾਰ) ਕੀਤਾ ਹੋਵੇ।

ਇਹ ਵਾਧੂ ਸੀਟਾਂ ਲੈਟਰਲ ਐਂਟਰੀ ਰਾਹੀਂ ਭਰੀਆਂ ਜਾਣਗੀਆਂ, ਜਿਨ੍ਹਾਂ ਦੀ ਕੁੱਲ ਗਿਣਤੀ ਮੰਨਜੂਰਸੁਦਾ (ਸੈਂਕਸ਼ਨਡ) ਇਨਟੇਕ ਦਾ ਵੱਧ ਤੋਂ ਵੱਧ 10% + ਪਹਿਲੇ ਸਾਲ ਦੀਆਂ ਖਾਲੀ ਰਹਿੰਦੀਆਂ ਸੀਟਾਂ ਵੀ ਸ਼ਾਮਿਲ ਕੀਤੀਆਂ ਜਾਣਗੀਆਂ। ਸੀ.ਓ.ਏ. ਦੇ ਦਿਸ਼ਾ-ਨਿਰਦੇਸ਼ਾ ਦੇ ਅਨੁਸਾਰ , ਆਰਕੀਟੈਕਚਰਲ ਅਸਿਸਟੈਂਟਸ਼ਿਪ ਵਿੱਚ 3 ਸਾਲਾਂ ਡਿਪਲੋਮਾ ਦੇ ਦੂਜੇ ਸਾਲ ਵਿੱਚ ਸਿੱਧੇ ਦਾਖਲੇ ਲਈ ਲੇਟਰਲ ਐਂਟਰੀ ਦਾ ਕੋਈ ਉਪਬੰਧ ਨਹੀ ਹੈ।

ਪਹਿਲੇ ਸਾਲ ਵਿੱਚ ਦਾਖਲਾ ਵਾਪਸ ਲੈਣ ਤੋਂ ਬਾਅਦ ਡੀ-ਰਜੀਸਟਰ ਹੋਏ ਵਿਦਿਆਰਥੀਆਂ ਕਾਰਨ ਖਾਲੀ ਹੋਈਆਂ ਸੀਟਾਂ ਨੂੰ ਵੀ ਲੇਟਰਲ ਐਂਟਰੀ ਲਈ ਵਿਚਾਰਿਆ ਜਾਵੇਗਾ।

**3.5 ਡਿਪਲੋਮਾ ਇੰਜੀਨੀਅਰਰਿੰਗ ਅਤੇ ਤਕਨਾਲੋਜੀ ਵਿੱਚ ਦਾਖਲੇ ਵਾਸਤੇ ਵਰਕਿੰਗ ਪ੍ਰੋਫੈਸ਼ਨਲ ਲਈ ਯੋਗਤਾਵਾਂ :-**

ੳ) ਉਹ ਉਮੀਦਵਾਰ ਜਿਹਨਾਂ ਨੇ ਭੌਤਿਕ ਵਿਗਿਆਨ/ਗਣਿਤ/ਰਸਾਇਣ/ਕੰਪਿਊਟਰ ਵਿਗਿਆਨ/ ਇਲੈਕਟ੍ਰੋਨਿਕ/ਇਨਫਾਰਮੇਸ਼ਨ ਤਕਨਾਲੋਜੀ /ਜੀਵ ਵਿਗਿਆਨ/ਇਨਫਾਰਮੇਸ਼ਨ ਪ੍ਰੈਕਟਿਸ/ ਬਾਇਓਤਕਨਾਲੋਜੀ / ਤਕਨੀਕੀ ਵੋਕੇਸ਼ਨਲ ਵਿਸ਼ਾ/ ਖੇਤੀਬਾੜੀ /ਇੰਜੀਨੀਅਰਿੰਗ ਗ੍ਰਾਫਿਕਸ / ਬਿਜਨੈਸ ਸਟਡੀਜ਼ (ਵਪਾਰ ਅਧਿਐਨ) / ਉਧਮ (Entrepreneurship) (ਮੰਨਜੂਰੀ ਪ੍ਰਕਿਰਿਆ ਹੈਂਡਬੁੱਕ 2024-25 ਤੋਂ 2026-27 ਦੀ ਸਾਰਣੀ 8.4 ਅਨੁਸਾਰ) ਨਾਲ 10+2 ਵੀ ਪਾਸ ਕੀਤੀ ਹੋਵੇ

ਜਾਂ

ਦਸਵੀਂ ਦੇ ਨਾਲ ਦੋ ਸਾਲਾਂ ਦੀ ਆਈ.ਟੀ.ਆਈ ਕੀਤੀ ਹੋਵੇ। ਅਜਿਹਾ ਉਮੀਦਵਾਰ ਇੰਜੀਨੀਅਰਿੰਗ ਅਤੇ ਤਕਨਾਲੋਜੀ ਦੀ ਕਿਸੇ ਵੀ ਸ਼ਾਖਾ ਵਿੱਚ ਦੂਜੇ ਸਾਲ ਦੇ ਡਿਪਲੋਮਾ ਕੋਰਸਾਂ ਵਿੱਚ ਦਾਖਲੇ ਲਈ ਯੋਗ ਹੋਵੇਗਾ।

**ਜੇਕਰ ਉਪਰ ਦੱਸੇ ਗਏ ਯੋਗਤਾ ਮਾਪਦੰਡਾਂ ਦੇ ਆਧਾਰ ਤੇ ਭਰਨ ਤੋਂ ਬਾਅਦ ਸੀਟਾਂ ਖਾਲੀ ਰਹਿੰਦੀਆਂ ਹਨ, ਤਾਂ ਅਜਿਹੀਆਂ ਸੀਟਾਂ ਹੇਠ ਲਿਖਿਆ ਵਿੱਚੋਂ ਕਿਸੇ ਇੱਕ ਦੀ ਇੰਟਰ-ਸੇ ਮੈਰਿਟ ਦੇ ਆਧਾਰ ਤੇ ਭਰੀਆਂ ਜਾਣਗੀਆਂ:-**

ਅ) ਕੇਂਦਰ/ਰਾਜ ਸਰਕਾਰ ਦੁਆਰਾ ਲੈਜੀਸਲੇਸ਼ਨ (ਕਾਨੂੰਨੀ ਪ੍ਰਣਾਲੀ) ਰਾਹੀ ਮਾਨਤਾ ਪ੍ਰਾਪਤ ਅਤੇ ਸਥਾਪਿਤ ਬੋਰਡ ਤੋਂ ਸਬੰਧਤ ਵੱਖ-ਵੱਖ ਸ਼ਾਖਾਵਾਂ ਵਿੱਚ 10+2 ਵੋਕੇਸ਼ਨਲ ਸਬੰਧਤ (Relevant) ਵਿਸ਼ੇ ਨਾਲ ਪਾਸ ਕੀਤੀ ਹੋਵੇ।

ੲ) ਸੰਤ ਲੌਗੋਂਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਅਤੇ ਤਕਨਾਲੋਜੀ ਲੌਂਗੋਵਾਲ ਤੋਂ 10ਵੀ ਤੋਂ ਬਾਅਦ ਦੋ ਸਾਲਾਂ ਦਾ ਸਰਟੀਫਿਕੇਟ ਕੋਰਸ ਪਾਸ ਕੀਤਾ ਹੋਵੇ।

ਸ) 10ਵੀਂ ਤੋ ਬਾਅਦ ਆਰ.ਐਡਂ ਡੀ ਸੈਂਟਰ ਫਾਰ ਬਾਈ ਸਾਈਕਲ ਅਤੇ ਸਿਲਾਈ ਮਸ਼ੀਨ (R&D Centre for Bicycle & Sewing Technology) ਲੁਧਿਆਣਾ ਤੋਂ ਸਕਿੱਲ ਟੈਕਨੀਸ਼ੀਅਨ (ਮਸ਼ੀਨਿਸਟ) ਸਕਿੱਲ ਟੈਕਨੀਸ਼ੀਅਨ (ਮਸ਼ੀਨ ਮੈਂਟੀਨੈਂਸ) ਜਾਂ ਕੁਆਲਟੀ ਅਸ਼ੋਰੈਂਸ ਇੰਸਪੈਕਟਰ ਵਿੱਚ ਦੋ ਸਾਲਾਂ ਦਾ ਸਰਟੀਫਿਕੇਟ ਕੋਰਸ ਕੀਤਾ ਹੋਵੇ।

ਹ) ਕਿਸੇ ਵੀ ਮਾਨਤਾ ਪ੍ਰਾਪਤ ਬੋਰਡ ਤੋਂ ਕਿਸੇ ਹੋਰ ਸ਼ਾਖਾ ਦਾ 3 ਸਾਲਾ ਦਾ ਏ.ਆਈ.ਸੀ.ਟੀ.ਈ (AICTE) ਦੁਆਰਾ ਪ੍ਰਵਾਨਿਤ ਇੰਜੀਨੀਅਰਿੰਗ ਡਿਪਲੋਮਾ (ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ Tech-TE-2013/5/2021-4TE2/1061 ਮਿਤੀ 28-10-2021 ਦੇ ਅਨੁਸਾਰ) ਕੀਤਾ ਹੋਵੇ।

**ਅਤੇ**

ਉਪਰੋਕਤ ਯੋਗਤਾਵਾਂ ਤੋ ਇਲਾਵਾ ਉਮੀਦਵਾਰ, ਰਜਿਸਟਡ ਉਦਯੋਗ/ਸੰਗਠਨ (ਕੇਂਦਰ/ਰਾਜ)/ਨਿੱਜੀ/ ਪਬਲਿਕ ਲਿਮਟਿਡ ਕੰਪਨੀ/MSME ਵਿੱਚ ਕੰਮ ਕਰਦਾ ਹੋਣਾ ਚਾਹੀਦਾ ਹੈ, ਜੋ ਕਿ ਸੰਸਥਾ ਤੋਂ 75 ਕਿਲੋਮੀਟਰ ਦੇ ਦਾਇਰੇ

ਅੰਦਰ-ਅੰਦਰ ਸਥਿਤ ਹੋਣ ਅਤੇ ਉਮੀਦਾਵਾਰ ਕੋਲ ਘੱਟੋ-ਘੱਟ ਇੱਕ ਸਾਲ ਦਾ ਪੂਰਾ/ਨਿਯਮਤ ਕੰਮ ਕਰਨ ਦਾ ਤਜਰਬਾ ਹੋਣਾ ਚਾਹੀਦਾ ਹੈ।

ਕਿਸੇ ਵੀ ਸੰਸਥਾ ਦੀ ਮੰਜੂਰਸ਼ੁਦਾ ਸੀਟਾਂ ਦੀ ਗਿਣਤੀ ਏ.ਆਈ.ਸੀ.ਟੀ.ਈ. (AICTE) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੋਵੇਗੀ।

**ਲੈਟਰਲ ਐਂਟਰੀ ਰਾਂਹੀ ਦਾਖਲੇ ਲਈ ਯੋਗਤਾ :-**

(ਏ.ਆਈ.ਸੀ.ਟੀ.ਈ ਪ੍ਰਵਾਨਤ ਪ੍ਰਕਿਰਿਆ ਹੈਂਡਬੁੱਕ 2024-25 ਤੋ 2026-27 ਦੇ ਅਨੁਸਾਰ ਸ਼ਾਰਣੀ 8.4)

ਡਿਪਲੋਮਾ ਐਂਟਰੀ ਲੈਵਲ ਯੋਗਤਾ 10+2 ਪੱਧਰ

| **ਲੜੀ ਨੰ.** | **ਮੁੱਖ ਵਿਸ਼ੇ** | **10+2 ਪੱਧਰ ਦੇ ਲਾਜ਼ਮੀ ਕੋਰਸ** | **ਇਸ ਵਿਸ਼ੇ ਲਈ ਹੋਰ ਸਬੰਧਿਤ ਕੋਰਸ** |
|---|---|---|---|
| 1 | ਸਿਵਲ ਇੰਜੀਨੀਅਰਿੰਗ | ਭੌਤਿਕ ਵਿਗਿਆਨ, ਕੈਮਿਸਟਰੀ, ਗਣਿਤ | ਕੋਈ ਨਹੀਂ |
| 2 | ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ | ਭੌਤਿਕ ਵਿਗਿਆਨ, ਗਣਿਤ | ਬਾਕੀ ਰਹਿੰਦੇ ਸਿੰਗਲ ਕੋਰਸ ਲਈ 14# ਵਿਚੋ ਕੋਈ ਵੀ ਕੋਰਸ ਚੁਣੋ |
| 3 | ਕੈਮੀਕੱਲ ਇੰਜੀਨੀਅਰਿੰਗ | ਭੌਤਿਕ ਵਿਗਿਆਨ, ਕੈਮਿਸਟਰੀ, ਗਣਿਤ | ਕੋਈ ਨਹੀਂ |
| 4 | ਇਲੈਕਟ੍ਰੀਕਲ ਇੰਜੀਨੀਅਰਿੰਗ | ਭੌਤਿਕ ਵਿਗਿਆਨ , ਗਣਿਤ | ਬਾਕੀ ਰਹਿੰਦੇ ਸਿੰਗਲ ਕੋਰਸ ਲਈ 14# ਵਿਚੋ ਕੋਈ ਵੀ ਕੋਰਸ ਚੁਣੋ |
| 5 | ਇੰਲੈਕਟ੍ਰੋਨਿਕਸ ਇੰਜੀਨੀਅਰਿੰਗ | ਭੌਤਿਕ ਵਿਗਿਆਨ, ਗਣਿਤ | ਬਾਕੀ ਰਹਿੰਦੇ ਸਿੰਗਲ ਕੋਰਸ ਲਈ 14# ਵਿਚੋ ਕੋਈ ਵੀ ਕੋਰਸ ਚੁਣੋ |
| 6 | ਮਕੈਨੀਕਲ ਇੰਜੀਨੀਅਰਿੰਗ | ਭੌਤਿਕ ਵਿਗਿਆਨ, ਕੈਮਿਸਟਰੀ, ਗਣਿਤ | ਕੋਈ ਨਹੀਂ |
| 7 | ਲੈਦਰ ਤਕਨਾਲੋਜੀ | ਕੈਮਿਸਟਰੀ | ਬਾਕੀ ਰਹਿੰਦੇ ਦੋ ਕੋਰਸਾਂ ਲਈ 14# ਵਿਚੋ ਕੋਈ ਵੀ ਕੋਰਸ ਚੁਣੋ |
| 8 | ਟੈਕਸਟਾਈਲ ਇੰਜੀਨੀਅਰਿੰਗ | ਭੌਤਿਕ ਵਿਗਿਆਨ, ਕੈਮਿਸਟਰੀ, ਗਣਿਤ | ਕੋਈ ਨਹੀਂ |
| 9 | ਫੈਸ਼ਨ ਤਕਨਾਲੋਜੀ | ਕੋਈ ਨਹੀਂ | 14# ਵਿਚੋਂ ਕੋਈ ਵੀ ਕੋਰਸ ਚੁਣੋ |
| 10 | ਟੈਕਸਟਾਈਲ ਕਮਿਸਟਰੀ | ਕੈਮਿਸਟਰੀ | ਬਾਕੀ ਰਹਿੰਦੇ ਦੋ ਕੋਰਸਾਂ ਲਈ 14# ਵਿਚੋ ਕੋਈ ਵੀ ਕੋਰਸ ਚੁਣੋ |

# ਭੌਤਿਕ ਵਿਗਿਆਨ/ਗਣਿਤ/ਕੈਮਿਸਟਰੀ/ਕੰਪਿਊਟਰ ਵਿਗਿਆਨ/ਇਲੈਕਟ੍ਰੋਨਿਕ/ਸੂਚਨਾ ਤਕਨਾਲੋਜੀ /ਜੀਵ ਵਿਗਿਆਨ/ਇਨਫਾਰਮੈਟਿੱਕਸ ਪ੍ਰੈਕਟਿਸ/ ਬਾਇਓਤਕਨਾਲੋਜੀ / ਤਕਨੀਕੀ ਵੋਕੇਸ਼ਨਲ ਵਿਸ਼ਾ/ ਖੇਤੀਬਾੜੀ /ਇੰਜੀਨੀਅਰਿੰਗ ਗ੍ਰਾਫਿਕਸ ਵਪਾਰ ਅਧਿਐਨ/ ਉਧਮ

**3.6 ਹੋਰ ਮਾਪਦੰਡ :**

ਅਕਾਦਮਿਕ ਸੈਸ਼ਨ 2025-26 ਲਈ 85 ਪ੍ਰਤੀਸਤ ਸੀਟਾਂ ਪੰਜਾਬ ਰਾਜ ਦੇ ਉਮੀਦਵਾਰਾਂ ਲਈ ਰਾਖਵੀਆਂ ਹੋਣਗੀਆਂ ਅਤੇ 15 ਪ੍ਰਤੀਸ਼ਤ ਸੀਟਾਂ ਪੰਜਾਬ ਤੋ ਬਾਹਰੋ ਆਉਣ ਵਾਲੇ ਸਾਰੇ ਉਮੀਦਵਾਰਾਂ ਲਈ ਹੋਣਗੀਆਂ, ਜੋ ਕਿ ਸਮੂਹ ਭਾਰਤ ਦੇ ਅਧਾਰ ਤੇ ਖੁੱਲੀਆਂ ਹੋਣਗੀਆਂ।

ਜੋ ਉਮੀਦਵਾਰ ਪੰਜਾਬ ਸਰਕਾਰ ਦੇ ਪ੍ਰਸੋਨਲ ਅਤੇ ਪ੍ਰਸ਼ਾਸ਼ਨਿਕ ਸੁਧਾਰ ਵਿਭਾਗ ਵੱਲੋਂ ਜਾਰੀ ਕੀਤੇ ਪੱਤਰ ਨੰ. 1/3/95-3PPII/9619 ਮਿਤੀ 06 ਜੂਨ 1996 ਅਤੇ ਪੱਤਰ ਨੰਬਰ 1/3/95-3PPII/80 ਮਿਤੀ 1 ਜਨਵਰੀ 1999 ਦੇ ਅਨੁਸਾਰ ਪੰਜਾਬ ਦੇ ਵਸਨੀਕ ਹਨ ਜਾਂ, ਜਿਸ ਉਮੀਦਵਾਰ ਨੇ ਮੈਟ੍ਰਿਕ ਪ੍ਰੀਖਿਆ ਪੰਜਾਬ ਰਾਜ ਵਿਚ ਸਥਿਤ ਸਕੂਲ ਤੋਂ ਪਾਸ ਕੀਤੀ ਹੋਵੇ, ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ/CBSE/ICSE/ਨੈਸ਼ਨਲ ਓਪਨ ਸਕੂਲ ਤੋਂ ਮਾਨਤਾ ਪ੍ਰਾਪਤ ਹੋਵੇ। ਇਹ ਉਮੀਦਵਾਰ 85% ਸੀਟਾਂ ਵਿੱਚ ਦਾਖਲਾ ਲੈਣ ਲਈ ਯੋਗ ਹੋਣਗੇ। ਉਮੀਦਵਾਰ ਨੇ ਜਿਸ ਸੰਸਥਾ ਵਿਖੇ ਆਖਰੀ ਕਲਾਸ ਪਾਸ ਕੀਤੀ ਹੋਵੇ ਉਸ ਸੰਸਥਾ ਦੇ ਪ੍ਰਿੰਸੀਪਲ/ਮੁੱਖੀ ਵਲੋਂ ਜ਼ਾਰੀ ਕੀਤਾ ਗਿਆ ਨਿਵਾਸ ਸਰਟੀਫਿਕੇਟ (Domicile Certificate) ਨਿਰਧਾਰਿਤ ਪ੍ਰਫਾਰਮੇ ਤੇ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ ।

## 4. ਆਨਲਾਈਨ ਕਾਉਂਸਲਿੰਗ :-

1. ਅਕਾਦਮਿਕ ਸਾਲ 2025-26 ਦੌਰਾਨ ਵੱਖ ਵੱਖ ਡਿਪਲੋਮਾ ਕੋਰਸਾਂ ਵਿੱਚ ਦਾਖਲੇ ਲਈ ਵੈੱਬ ਅਧਾਰਿਤ ਆਨਲਾਈਨ ਕਾਉਂਸਲਿੰਗ ਕੀਤੀ ਜਾਵੇਗੀ ਅਤੇ ਇਸ ਲਈ ਉਮੀਦਵਾਰਾਂ ਦੀ ਮੌਜੂਦਗੀ ਜ਼ਰੂਰੀ ਨਹੀਂ ਹੋਵੇਗੀ।
2. ਆਨਲਾਈਨ ਕਾਉਂਸਲਿੰਗ ਦੌਰਾਨ ਉਮੀਦਵਾਰ ਨੂੰ ਕੇਂਦਰੀਕ੍ਰਿਤ ਕਾਊਸਲਿੰਗ ਰਾਹੀਂ ਸੰਸਥਾਵਾਂ/ਟਰੇਡ ਦੀ ਚੋਣ ਕਰਨ ਦਾ ਮੌਕਾ ਦਿੱਤਾ ਜਾਵੇਗਾ। ਬਾਅਦ ਵਿੱਚ ਜੇਕਰ ਕੋਈ ਸੀਟਾਂ ਖਾਲੀ ਰਹਿ ਜਾਂਦੀਆਂ ਹਨ ਤਾਂ ਉਹ ਖਾਲੀ ਸੀਟਾਂ/ਮੈਨੇਜਮੈਂਟ ਕੋਟਾ ਦੇ ਆਧਾਰ ਤੇ ਸੰਸਥਾ ਪੱਧਰ 'ਤੇ ਭਰੀਆਂ ਜਾਣਗੀਆਂ।
3. ਸਭ ਉਮੀਦਵਾਰਾਂ ਲਈ ਆਨ ਲਾਈਨ ਰਜਿਸਟਰੇਸ਼ਨ ਕਰਵਾਉਣਾ ਲਾਜਮੀ ਹੋਵੇਗਾ, ਤਾਂ ਜੋ ਉਹ ਵੈੱਬ ਅਧਾਰਿਤ ਆਨਲਾਈਨ ਕਾਊਸਲਿੰਗ ਵਿਚ ਹਿੱਸਾ ਲੈ ਸਕਣ।
4. ਰਜਿਸਟ੍ਰੇਸ਼ਨ ਫੀਸ ਸਿਰਫ ਆਨਲਾਈਨ ਭੁਗਤਾਨ ਦੇ ਢੰਗ ਰਾਹੀਂ ਹੀ ਸਵੀਕਾਰ ਕੀਤੀ ਜਾਵੇਗੀ।

## 5. ਆਨਲਾਈਨ ਕਾਉਂਸਲਿੰਗ ਲਈ ਪ੍ਰਕਿਰਿਆ :-

ਸੈਂਟਰ ਫਾਰ ਡਿਵੈਲਪਮੈਂਟ ਆਫ ਐਡਵਾਂਸਡ ਕੰਪਿਊਟਿੰਗ (C-DAC), ਐਸ.ਏ.ਐਸ. ਨਗਰ, ਮੋਹਾਲੀ ਨੂੰ ਦਾਖਲਿਆਂ ਲਈ ਆਨਲਾਈਨ ਕਾਊਸਲਿੰਗ ਕਰਨ ਦੀ ਜਿੰਮੇਵਾਰੀ ਸੌਪੀ ਗਈ ਹੈ। ਆਨਲਾਈਨ ਕਾਊਸਲਿੰਗ ਲਈ ਲਾਗੂ ਕੀਤੀ ਪ੍ਰਕਿਰਿਆ ਹੇਠ ਅਨੁਸਾਰ ਹੈ:-

**ਉਦੇਸ਼ :**

**ਬੋਰਡ ਦੀ ਆਨਲਾਈਨ ਆਫ ਕੈਂਪਸ ਕਾਉਂਸਲਿੰਗ ਦੇ ਹੇਠ ਲਿਖੇ ਉਦੇਸ਼ ਹਨ** :-

ੳ) ਸੀਟਾਂ ਦੀ ਅਲਾਟਮੈਂਟ ਅਤੇ ਦਾਖਲਿਆਂ ਵਿਚ 100% ਪਾਰਦਰਸ਼ਤਾ ਲਿਆਉਣਾ।

ਅ) ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਲਈ ਕਾਉਂਸਲਿੰਗ ਦੌਰਾਨ ਯਾਤਰਾ ਦਾ ਭਾਰ ਘਟਾਉਣ ਲਈ ਮਜ਼ਬੂਤ ਜਨ ਸੰਪਰਕ ਪ੍ਰਣਾਲੀ ਬਣਾਉਣਾ।

ੲ) ਵਿਦਿਆਰਥੀਆਂ ਨੂੰ ਕਿਸੇ ਵੀ ਸਮੇਂ ਕਿਸੇ ਵੀ ਸਥਾਨ ਤੋਂ ਕਿਸੇ ਵੀ ਕੋਰਸਾਂ/ਸੰਸਥਾਵਾਂ ਦੇ ਕਈ ਵਿਕਲਪਾਂ ਨੂੰ ਸਬਮਿਟ ਕਰਨ, ਬਦਲਣ, ਹਟਾਉਣ ਅਤੇ ਚੁਣਨ ਲਈ ਯੋਗ ਸਮਾਂ ਦੇਣਾ।

ਸ) ਕਾਉਂਸਲਿੰਗ ਵੈਬਸਾਈਟ ਰਾਹੀਂ ਵੱਖ-ਵੱਖ ਪੱਧਰਾਂ ਤੇ ਜ਼ਰੂਰੀ ਜਾਣਕਾਰੀ, ਸਵਾਲਾਂ ਦੇ ਜਵਾਬ ਅਤੇ ਰਿਪੋਰਟਾਂ ਉਪਲਬਧ ਕਰਵਾਉਣਾ।

ਹ) ਕੇਂਦਰੀ ਡਾਟਾਬੇਸ ਅਤੇ ਕੇਂਦਰੀ ਨਿਗਰਾਨ ਪ੍ਰਣਾਲੀ ਦਾ ਪ੍ਰਬੰਧ ਕਰਨਾ।

ਕ) ਕਾਉਂਸਲਿੰਗ, ਫੀਸ ਜਮ੍ਹਾਂ ਕਰਵਾਉਣ ਅਤੇ ਰਿਪੋਰਟਿੰਗ ਨੂੰ ਕਾਗਜ਼ ਰਹਿਤ (Paper Less) ਯਕੀਨੀ ਬਣਾਉਣਾ।

ਖ) ਹਰ ਪੱਧਰ ਤੇ ਸੁਰੱਖਿਅਤ ਅਤੇ ਨਿਯੰਤਰਿਤ ਡਾਟਾ ਐਕਸੈਸ ਯਕੀਨੀ ਬਣਾਉਣਾ।

**ਰਣਨੀਤੀਆਂ:**

ਸੀ-ਡੈਕ, ਮੋਹਾਲੀ ਨੂੰ ਪੰਜਾਬ ਰਾਜ ਅਤੇ ਯੂ.ਟੀ. ਚੰਡੀਗੜ੍ਹ ਵਿੱਚ ਸਾਰੇ ਤਕਨੀਕੀ ਸੰਸਥਾਵਾਂ ਵਿੱਚ ਚਲਾਏ ਜਾ ਰਹੇ ਸਾਰੇ ਏ.ਆਈ.ਸੀ.ਟੀ.ਈ ਦੁਆਰਾ ਪ੍ਰਵਾਨਿਤ ਤਕਨੀਕੀ ਡਿਪਲੋਮਾ ਪੱਧਰ ਦੇ ਕੋਰਸਾਂ, ਪੀ.ਸੀ.ਆਈ ਦੁਆਰਾ ਪ੍ਰਵਾਨਿਤ ਫਾਰਮੇਸੀ ਕਾਲਜਾਂ ਅਤੇ ਆਰਕੀਟੈਕਚਰ ਕੌਂਸਲ ਦੁਆਰਾ ਪ੍ਰਵਾਨਿਤ ਸੰਸਥਾਵਾਂ ਵਿੱਚ ਚਲਾਏ ਜਾ ਰਹੇ ਡਿਪਲੋਮਾ ਇਨ ਫਾਰਮੇਸੀ ਕੋਰਸ ਲਈ ਸਾਫਟਵੇਅਰ ਵਿਕਾਸ, ਟੈਸਟਿੰਗ ਅਤੇ ਵੈੱਬ ਅਧਾਰਤ ਆਨ-ਲਾਈਨ ਆਫ ਕੈਂਪਸ ਰਜਿਸਟ੍ਰੇਸ਼ਨ ਅਤੇ ਕਾਉਂਸਲਿੰਗ ਦੇ ਕੰਮ ਨੂੰ ਪੂਰਾ ਕਰਨ ਦਾ ਕੰਮ ਸੌਂਪਿਆ ਗਿਆ ਹੈ।

ਉਕਤ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ, ਸੈਂਟਰ ਫਾਰ ਡਿਵੈਲਪਮੈਂਟ ਆਫ ਐਡਵਾਂਸਡ ਕੰਪਿਊਟਿੰਗ (C-DAC), ਐਸ.ਏ.ਐਸ. ਨਗਰ ਮੋਹਾਲੀ ਦੁਆਰਾ ਵੈੱਬਸਾਈਟ ਲਾਂਚ ਕੀਤੀ ਗਈ ਹੈ ਜਿਸ ਵਿੱਚ ਆਨਲਾਈਨ ਕਾਉਂਸਲਿੰਗ ਲਈ ਸਾਰੀ ਸੂਚਨਾ, ਪ੍ਰਕਿਰਿਆਵਾਂ, ਹਦਾਇਤਾਂ ਅਤੇ ਨਿਰਦੇਸ਼ ਸ਼ਾਮਲ ਹੋਣਗੇ।

I ਦਾਖਲੇ C-DAC ਦੁਆਰਾ ਬੋਰਡ ਦੇ ਸਹਿਯੋਗ ਨਾਲ ਆਨ-ਲਾਈਨ ਕਾਉਂਸਲਿੰਗ ਰਾਹੀਂ ਕੀਤੇ ਜਾਣਗੇ। ਆਨਲਾਈਨ ਦਾਖਲਾ ਪ੍ਰਕਿਰਿਆ ਲਈ ਵਿਸਤ੍ਰਿਤ ਹਦਾਇਤਾਂ ਬੋਰਡ ਦੀਆਂ ਵੈੱਬਸਾਈਟਾਂ www.punjabteched.net ਅਤੇ www.punjabteched.com 'ਤੇ ਵੀ ਉਪਲਬਧ ਹੋਣਗੇ।

II ਆਨਲਾਈਨ ਕਾਉਂਸਲਿੰਗ ਵਿੱਚ ਹਿੱਸਾ ਲੈਣ ਲਈ, ਹਰੇਕ ਉਮੀਦਵਾਰ ਵੱਲੋਂ ਵੈੱਬਸਾਈਟ ਤੇ ਉਪਲਬਧ ਸ਼ਡਿਊਲ ਅਨੁਸਾਰ ਬੋਰਡ ਦੀ ਵੈੱਬਸਾਈਟ ਰਾਹੀਂ ਦਾਖਲੇ ਲਈ ਰਜਿਸਟਰ ਕਰਨਾ ਲਾਜ਼ਮੀ ਹੋਵੇਗਾ।

III ਕਾਉਂਸਲਿੰਗ ਵਿੱਚ ਹਿੱਸਾ ਲੈਣ ਵਾਲੇ ਉਮੀਦਵਾਰਾਂ ਨੇ ਆਪਣੀ ਸਹੂਲਤ ਅਨੁਸਾਰ ਇੰਟਰਨੈਟ ਰਾਹੀਂ ਜਾਂ ਡੈਜਿਗਨੇਟਿਡ ਪਾਲੀਟੈਕਨਿੱਕਾਂ ਵਿੱਚ ਜਾ ਕੇ ਦਾਖਲੇ ਲਈ ਵੱਖ ਵੱਖ ਕੋਰਸਾਂ ਅਤੇ ਸੰਸਥਾਵਾਂ ਦੇ ਵਿਕਲਪ ਭਰਣੇ ਹੋਣਗੇ।

IV ਚੋਣਾਂ ਕਰਨ ਜਾਂ ਹੋਰ ਜਾਣਕਾਰੀ ਲੈਣ ਦੀ ਪ੍ਰਕਿਰਿਆ ਸਰਲ ਹੈ ਅਤੇ ਕਾਉਂਸਲਿੰਗ ਵੈੱਬਸਾਈਟ 'ਤੇ ਮੀਨੂ ਦੁਆਰਾ ਸੰਚਾਲਿਤ ਹੈ। ਇਹ ਉਮੀਦਵਾਰਾਂ ਨੂੰ ਕੰਪਿਊਟਰ ਸਕ੍ਰੀਨ 'ਤੇ ਢੁਕਵੇਂ ਸੰਦੇਸ਼ਾਂ ਦੁਆਰਾ ਮਾਰਗਦਰਸ਼ਨ ਕਰੇਗੀ।

V ਜਿਹੜੇ ਉਮੀਦਵਾਰ ਕਾਉਂਸਲਿੰਗ ਦੇ ਪਹਿਲੇ ਦੌਰ ਵਿੱਚ ਆਪਣੀ ਪਹਿਲਾਂ ਅਲਾਟ ਕੀਤੀ ਸੀਟ ਨੂੰ ਅਪਗ੍ਰੇਡ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਕਾਉਂਸਲਿੰਗ ਦੇ ਅਗਲੇ ਦੌਰ ਵਿੱਚ ਵੀ ਹਿੱਸਾ ਲੈਣ ਦੀ ਆਗਿਆ ਹੈ। ਅਜਿਹੇ ਮਾਮਲਿਆਂ ਵਿੱਚ, ਜੇਕਰ ਉਮੀਦਵਾਰ ਨੂੰ ਬਾਅਦ ਵਾਲੇ ਕਾਉਂਸਲਿੰਗ ਵਿੱਚ ਸੀਟ ਅਲਾਟ ਕੀਤੀ ਜਾਂਦੀ ਹੈ, ਤਾਂ ਪਿਛਲੇ ਦੌਰ ਦੀ ਸੀਟ ਦੀ ਉਸਦੀ ਅਲਾਟਮੈਂਟ ਆਪਣੇ ਆਪ ਰੱਦ ਹੋ ਜਾਵੇਗੀ ਅਤੇ ਉਮੀਦਵਾਰ ਦਾ ਪਿਛਲੀ ਅਲਾਟਮੈਂਟ 'ਤੇ ਕੋਈ ਦਾਅਵਾ ਨਹੀਂ ਰਹੇਗਾ।

VI ਉਮੀਦਵਾਰਾਂ ਦੇ ਦਾਖਲੇ ਦੀ ਪੁਸ਼ਟੀ ਸੰਸਥਾ ਦੁਆਰਾ ਦਾਖਲਾ ਫੀਸ ਦੇ ਭੁਗਤਾਨ ਅਤੇ ਦਸਤਾਵੇਜ਼ਾਂ (ਅਸਲ ਵਿੱਚ) ਦੀ ਤਸਦੀਕ ਤੋਂ ਬਾਅਦ ਹੀ ਸੰਸਥਾ ਅਤੇ PSBTE & IT, ਚੰਡੀਗੜ੍ਹ ਦੁਆਰਾ ਨਿਯੁਕਤ ਨੋਡਲ ਸੈਂਟਰ ਦੁਆਰਾ ਕੀਤੀ ਜਾਵੇਗੀ।

1. ਉਮੀਦਵਾਰਾਂ ਵੱਲੋਂ ਸੰਸਥਾ ਵਿੱਚ ਰਿਪੋਰਟ ਕਰਦੇ ਸਮੇਂ ਹੇਠ ਲਿਖੇ ਸਰਟੀਫਿਕੇਟ ਲਿਆਉਣੇ ਯਕੀਨੀ ਬਣਾਉਣੇ ਚਾਹੀਦੇ ਹਨ:

| **ਅਸਲ ਸਰਟੀਫਿਕੇਟ:** |
|---|
| • ਯੋਗਤਾ ਪ੍ਰੀਖਿਆ ਅੰਕ ਸ਼ੀਟ |
| • ਮੈਟ੍ਰਿਕ ਸਰਟੀਫਿਕੇਟ (ਜਨਮ ਮਿਤੀ) |
| • ਆਖਰੀ ਸੰਸਥਾ ਤੋਂ ਚਰਿੱਤਰ ਸਰਟੀਫਿਕੇਟ |
| • ਰਿਹਾਇਸ਼/ਨਿਵਾਸ ਸਰਟੀਫਿਕੇਟ ਦਾ ਸਬੂਤ |
| • ਰਾਖਵੀਂ ਸ਼੍ਰੇਣੀ ਅਧੀਨ ਦਾਅਵੇ ਦੇ ਸਮਰਥਨ ਵਿੱਚ ਸਰਟੀਫਿਕੇਟ। |

2. ਉਪਰੋਕਤ ਸਰਟੀਫਿਕੇਟਾਂ ਦੀਆਂ ਪ੍ਰਮਾਣਿਤ ਕਾਪੀਆਂ ਅਤੇ ਦੋ ਨਵੀਨਤਮ ਸਟੈਂਪ ਸਾਈਜ਼ ਫੋਟੋਆਂ।

**ਮਹੱਤਵਪੂਰਨ ਨੋਟ:**

a) ਕਿਸੇ ਵੀ ਸ਼੍ਰੇਣੀ ਅਧੀਨ ਰਾਖਵਾਂਕਰਨ ਦਾ ਦਾਅਵਾ ਕਰਨ ਦੇ ਚਾਹਵਾਨ ਬਿਨੈਕਾਰਾਂ ਵੱਲੋਂ ਧਿਆਨ ਦਿੱਤਾ ਜਾਵੇ ਕਿ ਸਿਰਫ਼ ਉਹੀ ਸਰਟੀਫਿਕੇਟ ਸਵੀਕਾਰ ਕੀਤੇ ਜਾਣਗੇ ਜੋ ਕਾਉਂਸਲਿੰਗ ਦੀ ਆਖਰੀ ਮਿਤੀ ਨੂੰ ਜਾਂ ਇਸ ਤੋਂ ਪਹਿਲਾਂ ਜਾਰੀ ਕੀਤੇ ਗਏ ਹਨ। ਉਮੀਦਵਾਰਾਂ ਨੂੰ ਇਸ ਅਨੁਸਾਰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਹਿੱਤ ਵਿੱਚ, ਆਖਰੀ ਮਿਤੀ ਤੋਂ ਪਹਿਲਾਂ ਜਾਰੀ ਕੀਤੇ ਗਏ ਲੋੜੀਂਦੇ ਸਰਟੀਫਿਕੇਟ ਪ੍ਰਾਪਤ ਕਰਨ, ਨਹੀਂ ਤਾਂ ਉਨ੍ਹਾਂ ਦੇ ਸਰਟੀਫਿਕੇਟ ਵਿਚਾਰੇ ਨਹੀਂ ਜਾਣਗੇ ਅਤੇ ਨਾ ਹੀ ਰਾਖਵੇਂਕਰਨ ਲਈ ਉਨ੍ਹਾਂ ਦੇ ਦਾਅਵੇ ਨੂੰ ਵਿਚਾਰਿਆ ਜਾਵੇਗਾ। ਇਸ ਸਬੰਧ ਵਿੱਚ, ਕਿਸੇ ਵੀ ਸਥਿਤੀ ਵਿੱਚ ਕੋਈ ਰਿਆਇਤ ਨਹੀਂ ਦਿੱਤੀ ਜਾਵੇਗੀ।

b) ਇੱਕ ਉਮੀਦਵਾਰ ਸਿਰਫ਼ ਇੱਕ ਰਾਖਵੀਂ ਸ਼੍ਰੇਣੀ ਅਧੀਨ ਰਾਖਵੇਂਕਰਨ ਲਈ ਦਾਅਵਾ ਕਰਨ ਦੇ ਯੋਗ ਹੋਵੇਗਾ।

**c)** ਸੰਸਥਾਵਾਂ ਦੁਆਰਾ ਆਰਜੀ ਤੌਰ 'ਤੇ ਦਾਖਲ ਕੀਤੇ ਗਏ ਉਮੀਦਵਾਰਾਂ ਦੇ ਦਸਤਾਵੇਜ਼ ਬੋਰਡ ਦੁਆਰਾ ਸਥਾਪਿਤ ਨੋਡਲ ਕੇਂਦਰਾਂ ਦੀ ਜਾਂਚ ਤੇ ਨਿਰਭਰ ਹੋਣਗੇ।

d) ਇਹ ਧਿਆਨ ਦੇਣ ਯੋਗ ਹੈ ਕਿ ਕੋਈ ਵੀ ਉਮੀਦਵਾਰ ਦਸਤਾਵੇਜ਼ ਜਾਂਚ ਕਰਵਾਉਣ ਲਈ ਨੋਡਲ ਕੇਂਦਰ ਨਹੀਂ ਜਾਵੇਗਾ।

e) ਨੋਡਲ ਸੈਂਟਰ ਦੁਆਰਾ ਉਮੀਦਵਾਰ ਦੀ ਜਾਂਚ ਤੋਂ ਬਾਅਦ ਰੱਦ ਕੀਤੇ/ ਸਵੀਕਾਰ ਕੀਤੇ ਉਮੀਦਵਾਰਾਂ ਦੀ ਸੂਚੀ ਸੰਸਥਾ ਦੇ ਲਾਗਇਨ ਵਿੱਚ ਦਿੱਤੀ ਜਾਵੇਗੀ ਅਤੇ ਇਹ ਸੰਪੂਰਨ ਜ਼ਿੰਮੇਵਾਰੀ ਸੰਸਥਾ ਦੀ ਹੋਵੇਗੀ ਕਿ ਉਹ ਉਮੀਦਵਾਰਾਂ ਨੂੰ ਇਸ ਬਾਰੇ ਸੂਚਿਤ ਕਰੇ।

f) ਕਿਸੇ ਵੀ ਪੜਾਅ 'ਤੇ ਦਾਖਲੇ ਸਮੇਂ ਉਮੀਦਵਾਰ ਦੁਆਰਾ ਜਮ੍ਹਾਂ ਕੀਤੇ ਗਏ ਦਸਤਾਵੇਜ਼ ਗਲਤ/ ਜਾਅਲੀ ਪਾਏ ਜਾਣ ਤੇ ਬੋਰਡ ਵੱਲੋਂ ਉਸ ਦੁਆਰਾ ਜਾਰੀ ਕੀਤੇ ਗਏ ਦਸਤਾਵੇਜ਼/ ਸਰਟੀਫਿਕੇਟ/ ਡਿਪਲੋਮਾ ਨੂੰ ਰੱਦ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ।

## 6. ਸੀਟਾਂ ਦੀ ਵੰਡ:

ਬੋਰਡ ਦੀ ਵੈੱਬਸਾਈਟ (www.punjabteched.com ਅਤੇ www.punjabteched.net) 'ਤੇ ਉਪਲਬਧ ਪੰਜਾਬ ਸਰਕਾਰ ਦੁਆਰਾ ਜਾਰੀ ਨੋਟੀਫਿਕੇਸ਼ਨਾਂ ਨੂੰ ਦੇਖਿਆ ਜਾ ਸਕਦਾ ਹੈ।

## 7. ਰਿਜ਼ਰਵੇਸ਼ਨ:

ਬੋਰਡ ਵੱਲੋਂ ਪੰਜਾਬ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿੱਚ ਸਥਿਤ ਮਾਨਤਾ ਪ੍ਰਾਪਤ ਸੰਸਥਾਵਾਂ ਵਿੱਚ ਦਾਖਲੇ ਸਬੰਧਤ ਸਰਕਾਰਾਂ ਦੁਆਰਾ ਦਿੱਤੀ ਗਈ ਰਿਜ਼ਰਵੇਸ਼ਨ ਨੀਤੀ ਅਨੁਸਾਰ ਕਰੇ ਜਾਣਗੇ।

ਸੀਟਾਂ ਦੀ ਰਿਜ਼ਰਵੇਸ਼ਨ ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਮੀਮੋ ਨੰਬਰ I3/2/05-1TE2/1987 ਮਿਤੀ 2 ਜੁਲਾਈ, 2013 ਅਤੇ ਮੀਮੋ ਨੰ. 8/41/2019- 4TE2/53 ਮਿਤੀ 13 ਸਤੰਬਰ, 2019 ਅਨੁਸਾਰ ਹੋਵੇਗੀ। ਯੂ.ਟੀ, ਚੰਡੀਗੜ੍ਹ ਅਧੀਨ ਪੌਲੀਟੈਕਨਿਕ ਦੀਆਂ ਸੀਟਾਂ ਦੇ ਰਿਜ਼ਰਵੇਸ਼ਨ ਦੇ ਸੰਬੰਧ ਵਿੱਚ, ਇਹ ਚੰਡੀਗੜ੍ਹ ਪ੍ਰਸ਼ਾਸਨ ਦੁਆਰਾ ਬੋਰਡ ਨੂੰ ਸੂਚਿਤ ਨੀਤੀ ਦੇ ਅਨੁਸਾਰ ਹੋਵੇਗਾ।

ਇੱਕ ਉਮੀਦਵਾਰ ਸਿਰਫ਼ ਇੱਕ ਰਾਖਵੀਂ ਸ਼੍ਰੇਣੀ ਦੇ ਅਧੀਨ ਰਿਜ਼ਰਵੇਸ਼ਨ ਲਈ ਦਾਅਵਾ ਕਰਨ ਦੇ ਯੋਗ ਹੋਵੇਗਾ। ਹਾਲਾਂਕਿ ਜੇ ਕਿਸੇ ਉਮੀਦਵਾਰ ਦੀ ਆਪਣੇ ਦੁਆਰਾ ਚੁਣੇ ਗਏ ਕ੍ਰਮ ਵਿੱਚੋਂ ਕੋਈ ਉੱਪਰ ਵਾਲੇ ਕੋਰਸ/ ਸੰਸਥਾ ਵਿੱਚ ਆਮ ਸ਼੍ਰੇਣੀ ਦੇ ਉਮੀਦਵਾਰ ਵਜੋਂ ਚੋਣ ਹੁੰਦੀ ਹੈ ਤਾਂ ਉਸਨੂੰ ਆਮ ਸ੍ਰੇਣੀ ਦਾ ਉਮੀਦਵਾਰ ਹੀ ਮੰਨਿਆ ਜਾਵੇਗਾ। ਉਸਦਾ ਰਾਖਵੀਂ ਸ਼੍ਰੇਣੀ ਦਾ ਦਾਅਵਾ ਮੰਨਣਯੋਗ ਨਹੀਂ ਹੋਵੇਗਾ। ਰਾਖਵੀਂ ਸ਼੍ਰੇਣੀ ਦੇ ਅਧੀਨ ਸੀਟ ਫਿਰ ਉਸੇ ਰਾਖਵੀਂ ਸ਼੍ਰੇਣੀ ਦੇ ਉਮੀਦਵਾਰਾਂ ਨੂੰ ਪੇਸ਼ ਕੀਤੀ ਜਾਵੇਗੀ।

ਰਾਖਵੀਆਂ ਸ਼੍ਰੇਣੀਆਂ ਦੀ ਚੋਣ ਕਰਨ ਵਾਲੇ ਉਮੀਦਵਾਰਾਂ ਦੁਆਰਾ ਆਨਲਾਈਨ ਰਜਿਸਟ੍ਰੇਸ਼ਨ ਸਮੇਂ ਸਬੂਤ ਵਜੋਂ ਲੋੜੀਂਦੇ ਸਰਟੀਫਿਕੇਟ ਅਪਲੋਡ ਕਰਨੇ ਯਕੀਨੀ ਬਣਾਏ ਜਾਣਗੇ। ਸਰਟੀਫਿਕੇਟ ਸਰਕਾਰ ਦੁਆਰਾ ਪ੍ਰਵਾਨਿਤ ਫਾਰਮੈਟ ਵਿੱਚ ਹੋਣੇ ਚਾਹੀਦੇ ਹਨ।

ਪੰਜਾਬ ਦੇ ਪੱਛੜੇ ਵਰਗ ਨਾਲ ਸਬੰਧਤ ਉਮੀਦਵਾਰ ਦੁਆਰਾ, ਆਪਣੇ ਦਾਅਵੇ ਦੇ ਸਮਰਥਨ ਵਿੱਚ ਪੇਸ਼ ਕੀਤਾ ਜਾਣ ਵਾਲਾ ਸਰਟੀਫਿਕੇਟ ਦਾਖਲੇ ਲਈ ਕਾਉਂਸਲਿੰਗ ਦੇ ਪਹਿਲੇ ਦਿਨ ਤੋਂ ਇੱਕ ਸਾਲ ਪਹਿਲਾਂ ਦਾ ਨਹੀਂ ਹੋਣਾ ਚਾਹੀਦਾ। ਕਾਉਂਸਲਿੰਗ ਦੀ ਮਿਤੀ ਤੋਂ ਇੱਕ ਸਾਲ ਤੋਂ ਵੱਧ ਸਮਾਂ ਪਹਿਲਾਂ ਜਾਰੀ ਕੀਤਾ ਗਿਆ ਸਰਟੀਫਿਕੇਟ ਵੈਧ ਨਹੀਂ ਹੋਵੇਗਾ। ਰਾਖਵੀਆਂ ਸ਼੍ਰੇਣੀਆਂ ਲਈ ਸਾਰੇ ਸਰਟੀਫਿਕੇਟ ਸੰਸਥਾ ਦੁਆਰਾ ਸਰਟੀਫਿਕੇਟਾਂ ਦੀ ਤਸਦੀਕ ਲਈ ਨਿਰਧਾਰਿਤ ਆਖਰੀ ਮਿਤੀ ਨੂੰ ਜਾਂ ਇਸ ਤੋਂ ਪਹਿਲਾਂ ਜਾਰੀ ਕੀਤੇ ਹੋਣੇ ਚਾਹੀਦੇ ਹਨ।

ਸੈਂਟਰਲ ਟੂਲ ਰੂਮ, ਲੁਧਿਆਣਾ ਅਤੇ ਸੀ.ਆਈ.ਐਚ.ਟੀ. ਜਲੰਧਰ ਵਿੱਚ ਦਾਖਲੇ ਲਈ ਪੰਜਾਬ/ ਯੂ.ਟੀ. ਸਰਕਾਰ ਦੀ ਰਿਜ਼ਰਵੇਸ਼ਨ ਨੀਤੀ ਲਾਗੂ ਨਹੀਂ ਹੈ। ਇਸ ਸੰਸਥਾ ਲਈ ਸੀਟਾਂ ਦੀ ਵੰਡ ਭਾਰਤ ਸਰਕਾਰ ਦੇ ਉਦਯੋਗ ਮੰਤਰਾਲੇ ਦੀ ਨੀਤੀ ਅਨੁਸਾਰ ਹੋਵੇਗੀ

## 8. <u>ਦਾਖਲਾ ਫੀਸ:</u>

ਸਾਰੀਆਂ ਸੰਸਥਾਵਾਂ ਲਈ ਫੀਸ ਵੇਰਵਾ ਸਬੰਧਤ ਸਰਕਾਰਾਂ (ਪੰਜਾਬ ਅਤੇ ਚੰਡੀਗੜ੍ਹ ਸਰਕਾਰ) ਦੁਆਰਾ ਜਾਰੀ ਨੀਤੀ ਅਨੁਸਾਰ ਹੋਵੇਗਾ। ਪੰਜਾਬ ਅਤੇ ਚੰਡੀਗੜ੍ਹ ਲਈ ਫੀਸ ਵੇਰਵੇ ਵਿੱਚ ਬਦਲਾਅ, ਜੇਕਰ ਕੋਈ ਹੋਵੇ, ਦਾਖਲੇ ਦੇ ਸਮੇਂ ਵੈੱਬਸਾਈਟਾਂ ਰਾਹੀਂ ਸੂਚਿਤ ਕੀਤਾ ਜਾਵੇਗਾ।

ਉਮੀਦਵਾਰਾਂ ਦੁਆਰਾ ਜਮ੍ਹਾ ਕੀਤੀ ਗਈ ਸੁਰੱਖਿਆ ਰਕਮ (ਸਿਕਉਰਟੀ ਰਕਮ) ਉਨ੍ਹਾਂ ਨੂੰ ਸਬੰਧਤ ਸੰਸਥਾ ਦੁਆਰਾ ਡਿਪਲੋਮਾ ਕੋਰਸ ਦੇ ਸਫਲਤਾਪੂਰਵਕ ਪੂਰਾ ਹੋਣ 'ਤੇ ਵਾਪਸ ਕਰ ਦਿੱਤੀ ਜਾਵੇਗੀ।

**ਮਹੱਤਵਪੂਰਨ ਨੋਟ:** ਦਾਖਲਾ ਫੀਸ ਦੀ ਅਦਾਇਗੀ ਵਿਦਿਆਰਥੀ ਆਨਲਾਈਨ ਪੋਰਟਲ ਰਾਹੀਂ ਅਤੇ ਆਫਲਾਈਨ ਮੋਡ ਰਾਹੀਂ ਕਰਵਾਈ ਜਾ ਸਕਦੀ ਹੈ।

## 9. ਫੀਸਾਂ ਦੀ ਵਾਪਸੀ:

ਜੇਕਰ ਕੋਈ ਵਿਦਿਆਰਥੀ/ਉਮੀਦਵਾਰ ਕੋਰਸ ਸ਼ੁਰੂ ਕਰਨ ਤੋਂ ਪਹਿਲਾਂ ਸੀਟ ਛੱਡ ਦਿੰਦਾ ਹੈ, ਤਾਂ ਵਿਦਿਆਰਥੀ ਤੋਂ 1000/- ਰੁਪਏ ਪ੍ਰੋਸੈਸਿੰਗ ਫੀਸ ਦੀ ਕਟੌਤੀ ਕਰਨ ਤੋਂ ਬਾਅਦ, ਵਿਦਿਆਰਥੀਆਂ ਵੱਲੋਂ ਜਮ੍ਹਾਂ ਕਰਵਾਈ ਬਾਕੀ ਰਹਿੰਦੀ ਫੀਸ ਵਾਪਿਸ ਕਰ ਦਿੱਤੀ ਜਾਵੇਗੀ। ਹਾਲਾਂਕਿ ਜੇਕਰ ਕੋਈ ਵਿਦਿਆਰਥੀ ਕੋਰਸ ਵਿੱਚ ਸ਼ਾਮਲ ਹੋਣ ਤੋਂ ਬਾਅਦ ਛੱਡ ਦਿੰਦਾ ਹੈ ਅਤੇ ਨਤੀਜੇ ਵਜੋਂ ਸੀਟ ਖਾਲੀ ਹੋ ਜਾਂਦੀ ਹੈ ਜੋ ਦਾਖਲੇ ਦੀ ਆਖਰੀ ਮਿਤੀ ਤੱਕ ਕਿਸੇ ਹੋਰ ਉਮੀਦਵਾਰ ਦੁਆਰਾ ਭਰੀ ਜਾਂਦੀ ਹੈ, ਤਾਂ ਫੀਸ ਅਤੇ ਹੋਸਟਲ ਕਿਰਾਏ (ਜਿੱਥੇ ਲਾਗੂ ਹੋਵੇ) ਦੀ ਅਨੁਪਾਤਕ ਕਟੌਤੀ ਕਰਨ ਤੋਂ ਬਾਅਦ ਫੀਸ ਵਾਪਸ ਕਰ ਦਿੱਤੀ ਜਾਵੇਗੀ।

ਫੀਸ ਵਾਪਸ ਕਰਨ ਦੀ ਬੇਨਤੀ, ਤਰਜੀਹੀ ਤੌਰ 'ਤੇ ਕਾਉਂਸਲਿੰਗ ਵੈੱਬਸਾਈਟ 'ਤੇ ਅਰਜ਼ੀ ਦੇ ਆਨਲਾਈਨ ਜਮ੍ਹਾਂ ਕਰਨ ਦੀ ਵਿਧੀ ਰਾਹੀਂ ਦਾਖਲਾ ਪ੍ਰਕਿਰਿਆ ਦੀ ਆਖਰੀ ਮਿਤੀ ਤੋਂ 3 ਮਹੀਨਿਆਂ ਦੇ ਅੰਦਰ-ਅੰਦਰ ਬੋਰਡ ਨੂੰ ਕੀਤੀ ਜਾਣੀ ਚਾਹੀਦੀ ਹੈ। (ਇਸ ਮੰਤਵ ਲਈ ਆਫਲਾਈਨ ਅਰਜ਼ੀਆਂ ਨੂੰ ਵੀ ਮੰਨਿਆ ਜਾਵੇਗਾ - ਇੱਕ ਵਿਦਿਆਰਥੀ ਦੁਆਰਾ ਇੱਕ ਹੀ ਅਰਜ਼ੀ ਭਾਵੇਂ ਆਨਲਾਈਨ ਜਾਂ ਆਫਲਾਈਨ, ਜਮ੍ਹਾਂ ਕਰਵਾਈ ਜਾਣੀ ਚਾਹੀਦੀ ਹੈ)। ਨਿਰਧਾਰਤ ਸਮੇਂ ਤੋਂ ਬਾਅਦ ਕੋਈ ਵੀ ਅਰਜ਼ੀ ਸਵੀਕਾਰ ਨਹੀਂ ਕੀਤੀ ਜਾਵੇਗੀ।

## 10. ਡਿਪਲੋਮਾ ਕੋਰਸ ਪੂਰਾ ਕਰਨ ਲਈ ਸਮਾਂ ਸੀਮਾ:

ਡਿਪਲੋਮਾ ਕੋਰਸ ਨੂੰ ਪੂਰਾ ਕਰਨ ਲਈ ਵੱਧ ਤੋਂ ਵੱਧ ਸਮਾਂ ਸੀਮਾ ਡਿਪਲੋਮਾ ਕੋਰਸ ਦੀ ਮਿਆਦ ਤੋਂ ਦੁੱਗਣਾ ਸਮਾਂ ਹੈ, ਭਾਵ 3-ਸਾਲਾ ਡਿਪਲੋਮਾ ਕੋਰਸ ਲਈ 6 ਸਾਲ, 4-ਸਾਲਾ ਡਿਪਲੋਮਾ ਕੋਰਸ ਲਈ 8 ਸਾਲ ਆਦਿ।

## 11. ਫੀਸ ਰਿਆਇਤ ਅਤੇ ਸਕਾਲਰਸ਼ਿਪ ਸਕੀਮਾਂ

ਤਕਨੀਕੀ ਸਿੱਖਿਆ ਨੂੰ ਲੋੜਵੰਦ ਅਤੇ ਹੋਣਹਾਰ ਵਿਦਿਆਰਥੀਆਂ ਤੱਕ ਪਹੁੰਚਾਉਣ ਵਾਸਤੇ ਵੱਖ-ਵੱਖ ਫੀਸ ਰਿਆਇਤਾਂ ਅਤੇ ਸਕਾਲਰਸ਼ਿਪ ਸਕੀਮਾਂ ਉਪਲਬਧ ਹਨ।

### 11.1 ਅਨੁਸੂਚਿਤ ਜਾਤੀ (SC) ਦੇ ਉਮੀਦਵਾਰਾਂ ਨੂੰ ਪੂਰੀ ਫੀਸ ਰਿਆਇਤ

ਅਨੁਸੂਚਿਤ ਜਾਤੀ ਸ਼੍ਰੇਣੀ ਨਾਲ ਸਬੰਧਤ ਉਹਨਾਂ ਉਮੀਦਵਾਰਾਂ ਨੂੰ ਪੂਰੀ ਫੀਸ ਰਿਆਇਤ ਦਿੱਤੀ ਜਾਂਦੀ ਹੈ, ਜਿਨ੍ਹਾਂ ਦੇ ਮਾਤਾ-ਪਿਤਾ ਦੀ ਸਾਲਾਨਾ ਆਮਦਨ ਰੁਪਏ 2.50 ਲੱਖ ਤੋਂ ਘੱਟ ਹੈ।

### 11.2 ਟਿਊਸ਼ਨ ਫੀ-ਵੇਵਰ (TFW) ਸਕੀਮ

ਹਰੇਕ ਸੰਸਥਾ ਵਿੱਚ ਕੁੱਲ ਸੀਟਾਂ ਦੇ ਪੰਜ ਪ੍ਰਤੀਸ਼ਤ ਵਾਧੂ/ਹੋਰ ਸੀਟਾਂ “ਫੀ ਵੇਵਰ ਸਕੀਮ” ਅਧੀਨ ਰਾਖਵੀਆਂ ਕੀਤੀਆਂ ਗਈਆਂ ਹਨ, ਜਿਸ ਵਿੱਚ ਕੁੱਲ ਟਿਊਸ਼ਨ ਫੀਸ (ਜਿਵੇਂ ਕਿ ਫੀਸ ਚਾਰਟ ਵਿੱਚ ਦੱਸੀ ਗਈ ਹੈ) ਮੁਆਫ ਕਰ ਦਿੱਤੀ ਜਾਵੇਗੀ। ਇਸ ਸ਼੍ਰੇਣੀ ਅਧੀਨ ਦਾਖਲਾ ਲੈਣ ਲਈ ਯੋਗਤਾ ਮਾਪਦੰਡ ਹੇਠ ਲਿਖੇ ਅਨੁਸਾਰ ਹਨ:

ਯੋਗਤਾ-

- ਯੋਗਤਾ (ਕੁਆਲੀਫਾਇੰਗ) ਪ੍ਰੀਖਿਆ ਵਿੱਚ ਪਾਸ ਹੋਣਾ।
- ਮਾਤਾ-ਪਿਤਾ ਦੀ ਸਾਲਾਨਾ ਆਮਦਨ ਰੁਪਏ ਅੱਠ ਲੱਖ ਤੋਂ ਵੱਧ ਨਹੀਂ ਹੋਣੀ ਚਾਹੀਦੀ।
- ਇਹ ਸਕੀਮ ਸਵੈ-ਵਿੱਤੀ ਸੰਸਥਾਵਾਂ ਲਈ ਰਾਜ ਪੱਧਰੀ ਫੀਸ ਕਮੇਟੀ ਦੁਆਰਾ ਪ੍ਰਵਾਨਿਤ ਅਤੇ ਸਰਕਾਰੀ/ਸਰਕਾਰੀ ਸਹਾਇਤਾ ਪ੍ਰਾਪਤ ਸੰਸਥਾਵਾਂ ਲਈ ਸਰਕਾਰ ਦੁਆਰਾ ਪ੍ਰਵਾਨਿਤ ਟਿਊਸ਼ਨ ਫੀਸ ਤੱਕ ਸੀਮਤ ਹੈ। ਟਿਊਸ਼ਨ ਫੀਸ ਤੋਂ ਇਲਾਵਾ ਬਾਕੀ ਸਾਰੀਆਂ ਫੀਸਾਂ ਦਾ ਭੁਗਤਾਨ ਲਾਭਪਾਤਰੀ ਦੁਆਰਾ ਕੀਤਾ ਜਾਵੇਗਾ।
- ਇਹ ਸੀਟਾਂ ਸਿਰਫ ਪ੍ਰਾਸਪੈਕਟਸ ਵਿੱਚ ਦਰਸਾਏ ਅਨੁਸਾਰ ਆਨਲਾਈਨ ਕਾਉਂਸਲਿੰਗ ਰਾਹੀਂ ਭਰੀਆਂ ਜਾਣਗੀਆਂ।

### 11.3 ਮੁੱਖ ਮੰਤਰੀ ਸਕਾਲਰਸ਼ਿਪ ਸਕੀਮ:

- ਇਹ ਸਕਾਲਰਸ਼ਿਪ ਸਕੀਮ ਸਿਰਫ ਡਿਪਲੋਮਾ ਕੋਰਸ ਕਰਵਾਉਣ ਵਾਲੀਆਂ ਸਰਕਾਰੀ ਸੰਸਥਾਵਾਂ ਵਿੱਚ ਲਾਗੂ ਹੈ।
- ਇਹ ਸਕੀਮ ਸਾਰੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਉਪਲਬਧ ਹੈ। ਸਾਲਾਨਾ ਆਮਦਨ ਦੀ ਕੋਈ ਸੀਮਾ ਨਹੀਂ ਹੈ।

- ਇਸ ਸਕਾਲਰਸ਼ਿਪ ਸਕੀਮ ਦੇ ਤਹਿਤ ਯੋਗਤਾ ਪ੍ਰੀਖਿਆ ਵਿੱਚ ਹਾਸਲ ਕੀਤੇ ਗਏ ਅੰਕਾਂ (ਪ੍ਰਤੀਸ਼ਤ ਵਿੱਚ) ਦੇ ਅਧਾਰ ਤੇ ਵਿਦਿਆਰਥੀਆਂ ਨੂੰ ਟਿਊਸ਼ਨ ਫੀਸ ਵਿੱਚ ਹੇਠ ਦਰਸਾਏ ਅਨੁਸਾਰ ਛੋਟ ਦਿੱਤੀ ਜਾਂਦੀ ਹੈ :

| ਸਟ੍ਰੀਮ/ ਕੋਰਸ | 10ਵੀਂ / 10+2 / ਆਈ.ਟੀ.ਆਈ. ਵਿੱਚ ਪ੍ਰਾਪਤ ਅੰਕ | ਸਕਾਲਰਸ਼ਿਪ ਦੀ ਪ੍ਰਤੀਸ਼ਤਤਾ (ਟਿਊਸ਼ਨ ਫੀਸ ਵਿੱਚ ਰਿਆਇਤ) |
|---|---|---|
| ਡਿਪਲੋਮਾ ਇਨ ਇੰਜੀਨੀਅਰਿੰਗ,<br>ਡਿਪਲੋਮਾ ਇੰਜੀਨੀਅਰਿੰਗ ਵਿੱਚ ਲੈਟਰਲ ਐਂਟਰੀ, ਡਿਪਲੋਮਾ ਇਨ ਆਰਕੀਟੈਕਚਰਲ ਅਸਿਸਟੈਂਟਸ਼ਿਪ,<br>ਡਿਪਲੋਮਾ ਇਨ ਐਮ.ਓ.ਪੀ.,<br>ਡਿਪਲੋਮਾ ਇਨ ਫਾਰਮੇਸੀ | 60% ਅਤੇ 60% ਤੋਂ ਵੱਧ ਪਰ 70% ਤੋਂ ਘੱਟ | 70 % |
| | 70% ਅਤੇ 70% ਤੋਂ ਵੱਧ ਪਰ 80% ਤੋਂ ਘੱਟ | 80% |
| | 80% ਅਤੇ 80% ਤੋਂ ਵੱਧ ਪਰ 90% ਤੋਂ ਘੱਟ | 90% |
| | 90% ਅਤੇ 90% ਤੋਂ ਵੱਧ | 100% |

ਮੁੱਖ ਮੰਤਰੀ ਸਕਾਲਰਸ਼ਿਪ ਸਕੀਮ ਦੇ ਵੇਰਵੇ ਬੋਰਡ ਦੀ ਵੈੱਬਸਾਈਟ (www.punjabteched.com ਅਤੇ www.punjabteched.net) 'ਤੇ ਉਪਲਬਧ ਹਨ।

**11.4 ਬੋਰਡ ਪੱਧਰ 'ਤੇ ਦਿੱਤੀਆਂ ਗਈਆਂ ਸਕਾਲਰਸ਼ਿਪਾਂ / ਫੀਸ ਰਿਆਇਤਾਂ**

- ਮੈਰੀਟੋਰੀਅਸ /ਹੋਣਹਾਰ ਵਿਦਿਆਰਥੀਆਂ ਲਈ ਸਕਾਲਰਸ਼ਿਪ, ਜਿਨ੍ਹਾਂ ਦੇ ਮਾਤਾ-ਪਿਤਾ ਦੀ ਸਾਲਾਨਾ ਆਮਦਨ ਰੁਪਏ 2 ਲੱਖ ਤੋਂ ਘੱਟ ਹੈ।
- ਮੈਰੀਟੋਰੀਅਸ/ ਹੋਣਹਾਰ ਵਿਦਿਆਰਥੀਆਂ ਨੂੰ ਪੂਰੀ ਫੀਸ ਰਿਆਇਤ, ਜਿਨ੍ਹਾਂ ਦੇ ਮਾਤਾ-ਪਿਤਾ ਦੀ ਸਾਲਾਨਾ ਆਮਦਨਜ ਰੁਪਏ 1.5 ਲੱਖ ਤੋਂ ਘੱਟ ਹੈ।
- ਇਸ ਤੋਂ ਇਲਾਵਾ ਯਤੀਮਾਂ, ਜੰਗੀ ਵਿਧਵਾਵਾਂ ਅਤੇ ਉਨ੍ਹਾਂ ਦੇ ਵਾਰਡਾਂ, ਸਰੀਰਕ ਤੌਰ 'ਤੇ ਅਪਾਹਜਾਂ, ਜਿਨ੍ਹਾਂ ਨੇ ਪਰਿਵਾਰ ਦੇ ਇਕਲੌਤੇ ਕਮਾਊ ਮੈਂਬਰ ਨੂੰ ਗੁਆ ਦਿੱਤਾ ਹੈ, ਲਈ ਚੈਅਰਮੈਨ ਅਖਤਿਆਰੀ ਕੋਟੇ ਅਧੀਨ ਸਕਾਲਰਸ਼ਿਪ ਦਿੱਤੇ ਜਾਣ ਦਾ ਉਪਬੰਧ ਹੈ।

## 12.ਹੋਰ ਮਹੱਤਵਪੂਰਨ ਨੋਟ:

**12.1 ਸਿੱਖ ਘੱਟ ਗਿਣਤੀ ਕੋਟਾ**

ਪੰਜਾਬ ਸਰਕਾਰ ਦੀ ਸੈਸ਼ਨ 2025-26 ਲਈ ਜਾਰੀ ਨੋਟੀਫਿਕੇਸ਼ਨ ਅਨੁਸਾਰ, ਗੁਰੂ ਨਾਨਕ ਦੇਵ ਪੌਲੀਟੈਕਨਿਕ ਕਾਲਜ, ਲੁਧਿਆਣਾ ਅਤੇ ਬਾਬਾ ਬੰਦਾ ਸਿੰਘ ਬਹਾਦਰ ਪੌਲੀਟੈਕਨਿਕ ਕਾਲਜ, ਫਤਿਹਗੜ੍ਹ ਸਾਹਿਬ ਵਿਖੇ ਸੀਟਾਂ ਸਿੱਖ ਘੱਟ ਗਿਣਤੀ ਕੋਟੇ ਵਜੋਂ ਰਾਖਵੀਆਂ ਕੀਤੀਆਂ ਗਈਆਂ ਹਨ। ਇਸ ਕੋਟੇ ਵਿੱਚ ਦਾਖਲਾ ਲੈਣ ਦੇ ਚਾਹਵਾਨ ਉਮੀਦਵਾਰਾਂ ਵੱਲੋਂ SGPC ਦੁਆਰਾ ਕਰਵਾਈ ਜਾਂਦੀ ਸਿੱਖ ਧਾਰਮਿਕ ਪ੍ਰੀਖਿਆ ਪਾਸ ਕੀਤੀ ਹੋਣੀ ਚਾਹੀਦੀ ਹੈ।
ਵਧੇਰੇ ਜਾਣਕਾਰੀ ਲਈ ਹੇਠ ਲਿਖੀਆਂ ਸੰਸਥਾਵਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ:

- ਬਾਬਾ ਬੰਦਾ ਸਿੰਘ ਬਹਾਦਰ ਪੌਲੀਟੈਕਨਿਕ ਕਾਲਜ, ਫਤਿਹਗੜ੍ਹ ਸਾਹਿਬ।
- ਗੁਰੂ ਨਾਨਕ ਦੇਵ ਪੌਲੀਟੈਕਨਿਕ ਕਾਲਜ, ਲੁਧਿਆਣਾ।

**12.2 ਪ੍ਰਬੰਧਕੀ ਕੋਟੇ ਅਧੀਨ ਸੀਟਾਂ:**

ਗੈਰ ਸਹਾਇਤਾ ਪ੍ਰਾਪਤ ਸੰਸਥਾਵਾਂ ਵਿੱਚ ਉਪਲਬਧ ਕੁੱਲ ਸੀਟਾਂ ਦਾ ਇੱਕ ਤਿਹਾਈ ਹਿੱਸਾ "ਪ੍ਰਬੰਧਕੀ ਕੋਟੇ ਅਧੀਨ ਸੀਟਾਂ" ਵਜੋਂ ਨਿਰਧਾਰਤ ਕੀਤਾ ਗਿਆ ਹੈ। ਇਹ ਦਾਖਲਾ ਸੰਸਥਾ ਪੱਧਰ 'ਤੇ ਆਨਲਾਈਨ ਕਾਉਂਸਲਿੰਗ ਰਾਹੀਂ ਕੀਤਾ ਜਾਵੇਗਾ। ਪ੍ਰਬੰਧਕੀ ਕੋਟੇ ਅਧੀਨ ਦਾਖਲਾ ਲੈਣ ਦੇ ਚਾਹਵਾਨ ਉਮੀਦਵਾਰ ਨੂੰ ਸੀਟਾਂ ਦੀ ਅਲਾਟਮੈਂਟ ਲਈ ਆਨਲਾਈਨ ਕਾਉਂਸਲਿੰਗ ਪੋਰਟਲ ਤੇ ਵੀ ਰਜਿਸਟਰ ਕਰਨਾ ਹੋਵੇਗਾ।
ਦੂਜੇ ਦੌਰ ਦੀ ਆਨਲਾਈਨ ਕਾਉਂਸਲਿੰਗ ਦੇ ਬੰਦ ਹੋਣ ਤੋਂ ਬਾਅਦ, ਜੇਕਰ ਕੋਈ ਸੀਟਾਂ ਖਾਲੀ ਰਹਿੰਦੀਆਂ ਹਨ, ਤਾਂ ਉਨ੍ਹਾਂ ਨੂੰ ਕਾਉਂਸਲਿੰਗ ਦੇ ਤੀਜੇ ਦੌਰ ਵਿੱਚ ਉਕਤ ਕੋਟੇ ਅਧੀਨ ਸੰਸਥਾਵਾਂ ਦੇ ਪੱਧਰ 'ਤੇ ਭਰਿਆ ਜਾਵੇਗਾ।

**12.3 ਐਂਟੀ-ਰੈਗਿੰਗ**

ਤਕਨੀਕੀ ਸਿੱਖਿਆ ਪ੍ਰਦਾਨ ਕਰਨ ਵਾਲੀਆਂ ਤਕਨੀਕੀ ਸੰਸਥਾਵਾਂ ਵਿੱਚ ਰੈਗਿੰਗ ਦੀ ਮਨਾਹੀ ਲਈ AICTE F. No.37-3/Legal/AICTE/2009 ਨੋਟੀਫਿਕੇਸ਼ਨ ਅਨੁਸਾਰ ਐਂਟੀ-ਰੈਗਿੰਗ ਨੀਤੀ ਦੀ ਪਾਲਣਾ ਕੀਤੀ ਜਾਵੇਗੀ।

## 13.ਈ-ਕਾਉਂਸਲਿੰਗ ਸੈਸ਼ਨ 2025-26 ਲਈ ਫੀਸ ਢਾਂਚਾ:

### 13.1 ਨਵੀਂ ਰਜਿਸਟ੍ਰੇਸ਼ਨ ਦੇ ਸਮੇਂ ਆਨਲਾਈਨ ਮੋਡ ਰਾਹੀਂ ਜਮ੍ਹਾਂ ਕਰਵਾਈ ਜਾਣ ਵਾਲੀ ਈ-ਕਾਉਂਸਲਿੰਗ ਵਿੱਚ ਭਾਗ ਲੈਣ ਲਈ ਰਜਿਸਟ੍ਰੇਸ਼ਨ ਫੀਸ

| **ਸਟ੍ਰੀਮ ਦਾ ਨਾਮ** | **ਆਨਲਾਈਨ ਕਾਉਂਸਲਿੰਗ ਵਿੱਚ ਭਾਗ ਲੈਣ ਲਈ ਰਜਿਸਟ੍ਰੇਸ਼ਨ ਫੀਸ** |
|---|---|
| • ਡਿਪਲੋਮਾ ਪੱਧਰ ਦੇ ਇੰਜੀਨੀਅਰਿੰਗ/ਤਕਨਾਲੋਜੀ ਕੋਰਸ ਅਤੇ ਆਰਕੀਟੈਕਚਰ ਵਿੱਚ ਡਿਪਲੋਮਾ ਕੋਰਸ | ਸਾਰੀਆਂ ਸ਼੍ਰੇਣੀਆਂ ਲਈ ਰੁਪਏ 550/- |
| • ਮਾਡਰਨ ਆਫਿਸ ਪ੍ਰੈਕਟਿਸ ਵਿੱਚ ਡਿਪਲੋਮਾ ਕੋਰਸ | ਸਾਰੀਆਂ ਸ਼੍ਰੇਣੀਆਂ ਲਈ (SC/ST ਨੂੰ ਛੱਡ |

| | |
|---|---|
| • ਫਾਰਮੇਸੀ ਵਿੱਚ ਡਿਪਲੋਮਾ ਕੋਰਸ<br>• ਡਿਪਲੋਮਾ ਇੰਜੀਨੀਅਰਿੰਗ ਅਤੇ ਤਕਨਾਲੋਜੀ ਕੋਰਸਾਂ ਵਿੱਚ ਲੈਟਰਲ ਐਂਟਰੀ<br>• ਵਰਕਿੰਗ ਪ੍ਰੋਫੈਸ਼ਨਲਾਂ ਲਈ ਡਿਪਲੋਮਾ ਇੰਜੀਨੀਅਰਿੰਗ ਅਤੇ ਤਕਨਾਲੋਜੀ ਕੋਰਸ | ਕੇ) ₹1250/-<br>SC/ST ਸ਼੍ਰੇਣੀ ਲਈ ਰੁਪਏ 1000/- |

**13.2 ਦਾਖਲੇ ਸਮੇਂ ਜਮ੍ਹਾਂ ਕਰਵਾਈ ਜਾਣ ਵਾਲੀ ਦਾਖਲਾ ਫੀਸ**

